# ਕੈਨੇਡਾ ਦਰਪਣ

ਅਕਤੂਬਰ 16-31, 1984

**October 16-31, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Oct. 16-31, 1984

Vol. 3 No. 34

OFFICE:
4277 FRASER ST.
VANCOUVER, B.C.

MAILING ADDRESS
P.O. BOX 67344 STN. 'O'
VANCOUVER, B.C. V5W 3T1

# ਕੈਨੇਡਾ ਦਰਪਣ

Editor-in-chief(Hon.): DARSHAN GILL M.A.

THE CANADA DARPAN
Punjabi Fortnightly Newspaper

ਕੀਮਤ 30¢ Out of Greater Vancouver

Price 40¢

Second Class Mail

Reg. No. 5991

Off. (604)874-2023
Res. (604)321-6360

# ਮੁਕੰਮਲ ਦਰਬਾਰ ਸਾਹਿਬ ਸਿੰਘ ਸਾਹਿਬਾਨ ਦੇ ਹਵਾਲੇ

ਅੰਮ੍ਰਿਤਸਰ — ਇਥੇ ਪੁਜੀਆਂ ਖਬਰਾਂ ਅਨੁਸਾਰ 9 ਅਕਤੂਬਰ ਨੂੰ ਪੂਰੇ ਦਾ ਪੂਰਾ ਕੰਪਲੈਕਸ ਸਿੰਘ ਸਾਹਿਬਾਨ ਦੇ ਸਪੁਰਦ ਕਰ ਦਿਤਾ ਗਿਆ ਹੈ। 29 ਸਤੰਬਰ ਨੂੰ ਤਿੰਨ ਇਮਾਰਤਾਂ ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਨਾਨਕ ਨਿਵਾਸ ਤੇ ਰਾਮਦਾਸ ਸਰਾਂ ਸਿੰਘ ਸਾਹਿਬਾਨਾਂ ਦੇ ਸਪੁਰਦ ਨਹੀਂ ਸਨ ਕੀਤੀਆਂ ਗਈਆਂ। ਹੁਣ ਇਹ ਤਿੰਨੇ ਇਮਾਰਤਾਂ ਵੀ ਉਨ੍ਹਾਂ ਕੋਲ ਸਪੁਰਦ ਹੋਣ ਨਾਲ ਫੌਜ, ਪੁਲਸ ਤੇ ਨੀਮ-ਫੌਜੀ ਦਸਤੇ ਪੂਰੀ ਤਰ੍ਹਾਂ ਕੰਪਲੈਕਸ ਵਿਚੋਂ ਬਾਹਰ ਕਰ ਦਿਤੇ ਗਏ ਹਨ।

## ਬਾਬਾ ਖੜਕ ਸਿੰਘ 'ਕਾਰ ਸੇਵਾ' ਵਿਚ ਰੁਝੇ ਹਨ

ਪਹਿਲੀ ਅਕਤੂਬਰ ਤੋਂ ਸਰੋਵਰ ਦੀ ਕਾਰ ਸੇਵਾ ਦਾ ਕੰਮ ਜੋ ਬਾਬਾ ਖੜਕ ਸਿੰਘ ਨੇ ਸੰਭਾਲ ਲਿਆ ਸੀ ਨਿਰਵਿਘਨ ਚਲ ਰਿਹਾ ਹੈ ਅਤੇ ਦੀਵਾਲੀ ਤੋਂ ਇਕ ਦਿਨ ਪਹਿਲਾਂ ਇਹ ਕਾਰ ਸੇਵਾ ਮੁਕੰਮਲ ਹੋ ਜਾਵੇਗੀ ਅਤੇ ਸਰੋਵਰ ਵਿਚ ਪਵਿਤਰ ਜਲ ਭਰ ਦਿਤਾ ਜਾਵੇਗਾ।

## ਕੰਪਲੈਕਸ ਦਾ ਸਮਝੌਤਾ ਸੁਰਜੀਤ ਸਿੰਘ ਮਜੀਠਾ ਨੇ ਕਰਵਾਇਆ

ਅੰਮ੍ਰਿਤਸਰ — ਸਾਬਕਾ ਕੇਂਦਰੀ ਮੰਤਰੀ ਅਤੇ ਚੀਫ਼ ਖਾਲਸਾ ਦੀਵਾਨ ਦੇ ਕਨਵੀਨਰ ਸ: ਸੁਰਜੀਤ ਸਿੰਘ ਮਜੀਠਾ ਦੀਆਂ ਕੋਸ਼ਿਸ਼ਾਂ ਸਦਕਾ ਮੁਕੰਮਲ ਕੰਪਲੈਕਸ ਦਾ ਕੰਟਰੋਲ ਸਿੰਘ ਸਾਹਿਬਾਨਾਂ ਦੇ ਹੱਥ ਵਿਚ ਆਇਆ। ਪ੍ਰਕਾਸ਼ ਸਿੰਘ ਮਜੀਠਾ ਨੇ ਵੀ ਇਸ ਗੱਲਬਾਤ ਵਿਚ ਅਹਿਮ ਰੋਲ ਅਦਾ ਕੀਤਾ ਹੈ। ਬਾਬਾ ਖੜਕ ਸਿੰਘ ਵਲੋਂ ਸ਼ੁਰੂ ਕੀਤੀ ਕਾਰ ਸੇਵਾ ਕਾਰਨ ਸਿਖ ਸੰਗਤਾਂ ਦਾ ਸਾਰਾ ਧਿਆਨ ਹੁਣ ਕੰਪਲੈਕਸ ਨੂੰ ਪਹਿਲੇ ਰੂਪ ਵਿਚ ਲਿਆਉਣ ਵਿਚ ਲੱਗਾ ਹੋਇਆ ਹੈ। ਸ: ਪ੍ਰਕਾਸ਼ ਸਿੰਘ ਮਜੀਠਾ ਨੇ ਸੁਰਜੀਤ ਸਿੰਘ ਮਜੀਠਾ ਨੂੰ ਕਿਹਾ ਕਿ ਕਾਰ ਸੇਵਾ ਵਿਚ ਲੱਗੀਆਂ ਸੰਗਤਾਂ ਦੇ ਠਹਿਰਨ ਲਈ ਗੁਰੂ ਰਾਮਦਾਸ ਸਰਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਦਿਤਾ ਜਾਵੇ। ਸਮਝੌਤੇ ਅਨੁਸਾਰ ਗੁਰੂ ਨਾਨਕ ਨਿਵਾਸ ਤੇ ਤੇਜਾ ਸਿੰਘ ਸਮੁੰਦਰੀ ਹਾਲ ਵੀ ਸਿੰਘ ਸਾਹਿਬਾਨ ਨੂੰ ਸੰਭਾਲ ਦਿਤੇ ਗਏ।

ਅੰਦਰ ਪੜ੍ਹੋ :- ਜਿਨਾਹ ਤੇ ਸਿਖ ਲੀਡਰ

## ਪੰਜਾਬ ਵਿਚ ਰਾਸ਼ਟਰਪਤੀ ਰਾਜ ਅਗਲੀ ਅਪ੍ਰੈਲ ਤੱਕ ਲਾਗੂ

ਨਵੀਂ ਦਿੱਲੀ — ਪੰਜਾਬ ਵਿਚ ਰਾਸ਼ਟਰਪਤੀ ਰਾਜ 5 ਅਪਰੈਲ 1985 ਤੱਕ ਲਾਗੂ ਰਹੇਗਾ। ਪਿਛਲੇ ਦਿਨੀਂ ਪੰਜਾਬ ਦੇ ਕਾਂਗਰਸੀ ਲੀਡਰਾਂ ਦੀਆਂ ਦਿੱਲੀ ਫੇਰੀਆਂ ਨਾਕਾਮਯਾਬ ਰਹੀਆਂ ਹਨ। ਕੇਂਦਰ ਸਰਕਾਰ ਨੇ 5 ਅਪਰੈਲ 1985 ਤੱਕ ਰਾਸ਼ਟਰਪਤੀ ਰਾਜ ਹੀ ਲਾਗੂ ਰੱਖਣਾ ਠੀਕ ਸਮਝਿਆ ਹੈ।

## ਪੰਜਾਬ ਵਿਚ 4 ਵਿਅਕਤੀ ਹਲਾਕ — ਹਿੰਸਾਤਮਕ ਕਾਰਵਾਈਆਂ ਅਜੇ ਵੀ ਜਾਰੀ

ਚੰਡੀਗੜ੍ਹ — ਦਹਿਸ਼ਤਪਸੰਦਾਂ ਵਲੋਂ ਦੋ ਥਾਵਾਂ ਤੇ ਬੰਬ ਸੁਟਣ ਨਾਲ ਦੋ ਵਿਅਕਤੀ ਹਲਾਕ ਹੋਏ ਅਤੇ 36 ਜ਼ਖਮੀ ਜਦ ਕਿ ਦੋ ਵਿਅਕਤੀ ਸੁਰੱਖਿਆ ਸੈਨਾਵਾਂ ਵਲੋਂ ਗੋਲੀ ਨਾਲ ਮਾਰੇ ਗਏ।

ਮਾਨਸਾ ਮੰਡੀ ਵਿਚ ਰਾਮਲੀਲਾ ਸਮੇਂ ਬੰਬ ਸੁਟੇ ਜਾਣ ਕਾਰਨ ਆਰਟਿਸਟ ਰਾਜਿੰਦਰ ਪਹਾੜੀ ਅਤੇ ਇਕ ਬਾਰਾਂ ਸਾਲਾਂ ਦਾ ਬੱਚਾ ਹਲਾਕ ਹੋ ਗਏ। ਪੁਲਸ ਨੇ ਸਤ ਵਿਅਕਤੀ ਸ਼ੱਕ ਵਿਚ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਵਿਚ ਤਿੰਨ ਪੰਜਾਬ ਸਟੇਟ ਬਿਜਲੀ ਬੋਰਡ ਦੇ ਮੁਲਾਜ਼ਮ ਹਨ ਅਤੇ ਇਕ ਫੈਡਰੇਸ਼ਨ ਦਾ ਅੰਗਰੇਜ਼ ਸਿੰਘ ਨਾਮੀ ਵਿਅਕਤੀ ਵੀ ਸ਼ਾਮਲ ਹੈ। ਮਾਨਸਾ ਵਿਚ ਦੁਸਹਿਰੇ ਦਾ ਤਿਉਹਾਰ ਨਹੀਂ ਮਨਾਇਆ ਗਿਆ ਅਤੇ ਮਾਨਸਾ ਵਿਚ ਬੰਬ ਵਿਰੁਧ ਗੁੱਸਾ ਪ੍ਰਗਟ ਕਰਨ ਲਈ ਹੜਤਾਲ ਕੀਤੀ ਗਈ।

ਮਾਨਸਾ ਦਾ ਇਕ ਮਿਊਂਸਪਲ ਕਮਿਸ਼ਨਰ ਜਤਿੰਦਰਪਾਲ ਵੀ ਇਸ ਬੰਬ ਧਮਾਕੇ ਵਿਚ ਜ਼ਖਮੀ ਹੋ ਗਿਆ।

### ਹਾਲ ਬਜ਼ਾਰ ਵਿਚ ਬੰਬ ਧਮਾਕਾ

ਦੂਜਾ ਬੰਬ ਧਮਾਕਾ ਅੰਮ੍ਰਿਤਸਰ ਸ਼ਹਿਰ ਦੇ ਭੀੜ ਭਰੇ ਹਾਲ ਬਜ਼ਾਰ ਵਿਚ ਹੋਇਆ ਜਿਥੇ ਤਿੰਨ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਹ ਧਮਾਕਾ ਉਸ ਸਮੇਂ ਹੋਇਆ ਜਦੋਂ ਲੋਕ ਦੁਰਗਿਆਣਾ ਮੰਦਰ ਤੋਂ ਦੁਸਹਿਰਾ ਮਨਾ ਕੇ ਵਾਪਸ ਆ ਰਹੇ ਸਨ। ਇਸ ਸਬੰਧ ਵਿਚ ਕਿਸੇ ਗ੍ਰਿਫਤਾਰੀ ਦੀ ਖਬਰ ਨਹੀਂ ਹੈ।

## ਪਠਾਨਕੋਟ ਨੇੜੇ ਜਸਪਾਲ ਸਿੰਘ ਗਿੱਲ ਮਾਰਿਆ ਗਿਆ

ਪੀ. ਟੀ. ਆਈ. ਦੀ ਖਬਰ ਅਨੁਸਾਰ ਪਠਾਨਕੋਟ ਵਿਚ ਇਕ ਜਸਪਾਲ ਸਿੰਘ ਗਿੱਲ ਨਾਂ ਦਾ ਵਿਅਕਤੀ ਸੁਰੱਖਿਆ ਸੈਨਾ ਵਲੋਂ ਗੋਲੀ ਨਾਲ ਮਾਰ ਦਿਤਾ ਗਿਆ ਜਦ ਕਿ ਉਸਦੇ ਦੋ ਸਾਥੀ ਭੱਜਣ ਵਿਚ ਕਾਮਯਾਬ ਹੋ ਗਏ। ਬਟਾਲੇ ਲਾਗੇ ਹੋਏ ਅੱਠ ਬੱਸ ਮੁਸਾਫਰਾਂ ਦੇ ਕਤਲ ਵਿਚ ਜਸਪਾਲ ਸਿੰਘ ਦਾ ਨਾਂ ਦੱਸਿਆ ਗਿਆ ਹੈ। ਪੀ. ਟੀ. ਆਈ. ਅਨੁਸਾਰ ਇਹ ਤਿੰਨੇ ਵਿਅਕਤੀ ਜੰਮੂ ਕਸ਼ਮੀਰ ਤੋਂ ਪੰਜਾਬ ਵੱਲ ਆ ਰਹੇ ਸਨ।

## ਕਮਾਲਪੁਰ ਪਿੰਡ ਵਿਚ ਇਕ ਵਿਅਕਤੀ ਹਲਾਕ

ਦੂਜਾ ਮੁਕਾਬਲਾ ਗੁਰਦਾਸਪੁਰ ਜ਼ਿਲੇ ਦੇ ਸਰਹੱਦੀ ਪਿੰਡ ਕਮਾਲਪੁਰ ਵਿਚ ਹੋਇਆ ਜਿਥੇ ਇਕ ਵਿਅਕਤੀ ਹਲਾਕ ਹੋਇਆ ਅਤੇ ਦੋ ਭੱਜਣ ਵਿਚ ਕਾਮਯਾਬ ਹੋ ਗਏ। ਇਹ ਤਿੰਨ ਵਿਅਕਤੀ ਸਰਹੱਦ ਪਾਰ ਕਰਕੇ ਕਮਾਲਪੁਰ ਵੱਲ ਆ ਰਹੇ ਸਨ ਜਦੋਂ ਬੀ. ਐਸ. ਐਫ. ਦੇ ਜਵਾਨਾਂ ਨੇ ਇਨ੍ਹਾਂ ਨੂੰ ਲਲਕਾਰਿਆ।

ਪਠਾਨਕੋਟ ਵਿਚ ਮਾਰੇ ਗਏ ਜਸਪਾਲ ਸਿੰਘ ਬਾਰੇ ਖਬਰ ਵਿਚ ਦੱਸਿਆ ਗਿਆ ਹੈ ਕਿ ਉਹ ਪਾਕਿਸਤਾਨ ਵਿਚ ਸਥਿਤ ਕੈਂਪਾਂ ਵਿਚ ਭਾਰਤ ਦੇ ਪਾਸਿਓਂ ਬੰਦੇ ਲਿਜਾਣ ਵਿਚ ਮੱਦਦ ਕਰਦਾ ਸੀ ਅਤੇ ਹਥਿਆਰਾਂ ਦੀ ਸਪਲਾਈ ਦਾ ਇਨਚਾਰਜ ਸੀ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਜਸਪਾਲ ਸਿੰਘ ਦੀ ਮੌਤ ਨਾਲ ਵੱਡੀ ਕੜੀ ਟੁਟ ਗਈ ਹੈ।

## ਬੂਟਾ ਸਿੰਘ ਨੂੰ 'ਮੁਆਫ਼ੀ' ਨਹੀਂ ਮਿਲੇਗੀ

ਅੰਮ੍ਰਿਤਸਰ — ਸਿੰਘ ਸਾਹਿਬਾਨ ਨੇ ਕੇਂਦਰੀ ਮੰਤਰੀ ਬੂਟਾ ਸਿੰਘ ਨੂੰ ਮੁਆਫ਼ੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਜਿੰਨਾ ਚਿਰ ਬੂਟਾ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਤੇ ਜ਼ਾਤੀ ਤੌਰ ਤੇ ਪੇਸ਼ ਨਹੀਂ ਹੁੰਦਾ, ਉਨਾ ਚਿਰ 'ਮੁਆਫੀ' ਨਹੀਂ ਦਿਤੀ ਜਾ ਸਕਦੀ।

ਇਹ ਸੁਨੇਹਾ ਸਿੰਘ ਸਾਹਿਬਾਨ ਨੇ ਸਾਬਕਾ ਕੇਂਦਰੀ ਮੰਤਰੀ ਸੁਰਜੀਤ ਸਿੰਘ ਮਜੀਠਾ ਨੇ ਦਿਤਾ ਤੇ ਕਿਹਾ ਕਿ ਬੂਟਾ ਸਿੰਘ ਆਪ ਅਕਾਲ ਤਖਤ ਸਾਹਿਬ ਪੇਸ਼ ਹੋਵੇ।

ਉਨ੍ਹਾਂ ਕਿਹਾ ਕਿ ਬੂਟਾ ਸਿੰਘ ਤੇ ਜ਼ੈਲ ਸਿੰਘ ਦੀਆਂ ਪੁਜ਼ੀਸ਼ਨਾਂ ਵਿਚ ਫਰਕ ਹੈ। ਜ਼ੈਲ ਸਿੰਘ ਨੇ ਆਪਣਾ ਏਲਚੀ ਰਾਹੀਂ ਸਾਰੇ ਹਾਲਾਤ ਬਿਆਨ ਕਰ ਦਿਤੇ ਸਨ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

Ph:
874-9525

ROYAL new & used FURNITURE

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਤੂਰ

# ਕੈਨੇਡਾ ਦਰਪਣ

## ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈਗ

**International Centre, 700 Elgin Ave., Winnipeg, Manitoba**

ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿੰਨੀਪੈਗ ਨੇ ਅੱਜ ਆਪਦੀ ਮੀਟਿੰਗ 'ਚ ਪੰਜਾਬ ਦੇ ਚਿੰਤਾਜਨਕ ਮਾਹੌਲ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਇਸ ਵਿਚਾਰ ਵਟਾਂਦਰੇ ਅਤੇ ਬਹਿਸ-ਮੁਬਾਸੇ ਤੋਂ ਬਾਅਦ ਸਭਾ ਨੇ ਪੰਜਾਬ ਦੇ ਮੌਜੂਦਾ ਹਾਲਾਤ ਸਬੰਧੀ ਹੇਠ ਲਿਖੇ ਤਿੰਨ ਮਤੇ ਸਰਬਸੰਮਤੀ ਨਾਲ ਪਾਸ ਕੀਤੇ।

ਸਤੰਬਰ 25, 1984

ਦਸਤਖਤ, ਕਨਵੀਨਰ
ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ

### ਮਤਾ ਨੰਬਰ 1

ਪੰਜਾਬ'ਚ ਲਏ ਗਏ ਫੌਜੀ ਐਕਸ਼ਨ ਨੂੰ ਕੋਈ ਢਾਈ ਮਹੀਨੇ ਹੋ ਗਏ ਹਨ। ਇਸ ਤੋਂ ਬਾਅਦ ਸਥਿਤੀ ਸੁਧਰਨ ਦੀ ਬਜਾਏ ਹੋਰ ਉਲਝੀ ਹੈ; ਹਿੰਦੂ ਸਿੱਖ ਪਾੜਾ ਹੋਰ ਡੂੰਘਾ ਹੋਇਆ ਹੈ ਅਤੇ ਫਿਰਕੂ ਫਸਾਦਾਂ ਦਾ ਡਰ ਹੋਰ ਵੀ ਵਧਿਆ ਹੈ। ਦੇਸ਼ ਦੀ ਏਕਤਾ ਦੇ ਨਾਮ ਹੇਠ ਸਰਕਾਰ ਵਲੋਂ ਚੁਕੇ ਗਏ ਕਦਮ ਦੇਸ਼ ਦੀ ਏਕਤਾ ਨੂੰ ਖਤਰਾ ਹੋ ਨਿਬੜੇ ਹਨ। ਇੰਦਰਾ ਗਾਂਧੀ ਵਲੋਂ ਪਿਛਲੇ ਸਮੇਂ 'ਚ ਲਏ ਗਏ ਐਕਸ਼ਨ ਦੇਸ਼ ਦੀ ਭਲਾਈ ਨੂੰ ਨਹੀਂ ਸਗੋਂ ਆਪਣੇ ਨਿਜ਼ੀ ਅਤੇ ਕਾਂਗਰਸ ਪਾਰਟੀ ਦੇ ਸੁਆਰਥ ਨੂੰ ਮੁੱਖ ਰੱਖਕੇ ਲਏ ਗਏ ਐਕਸ਼ਨ ਹਨ। ਐਸ ਵੇਲੇ ਦੇਸ਼ ਦੀ ਏਕਤਾ ਨੂੰ ਮੁੱਖ ਖਤਰਾ ਇੰਦਰਾ ਗਾਂਧੀ ਅਤੇ ਕੇਂਦਰੀ ਸਰਕਾਰ ਤੋਂ ਬਣਿਆ ਹੋਇਆ ਹੈ ਅਤੇ ਆਏ ਦਿਨ ਦੇਸ਼ ਨੂੰ ਇਕ-ਪੁਰਖੀ ਤਾਨਾਸ਼ਾਹ ਰਾਜ 'ਚ ਬਦਲਣ ਦੀਆਂ ਸੰਭਾਵਨਾਵਾਂ ਹੋਰ ਵਧ ਰਹੀਆਂ ਹਨ।

ਨਾਗਾਲੈਂਡ, ਆਂਧਰਾ ਅਤੇ ਅਸਾਮ ਤੋਂ ਬਾਅਦ ਅੱਜ ਪੰਜਾਬ ਫੌਜੀ ਬੂਟਾਂ ਦੀਆਂ ਨੋਕਾਂ ਹੇਠ ਦਰੜਿਆ ਜਾ ਰਿਹਾ ਹੈ। ਆਮ ਜੰਤਾ ਨੂੰ ਉਸਦੇ ਮੁਢਲੇ ਹੱਕਾਂ ਤੋਂ ਵਾਂਝਿਆਂ ਕੀਤਾ ਹੋਇਆ ਹੈ, ਬੋਲਕੇ, ਲਿਖਕੇ ਜਾਂ ਇਕੱਠੇ ਹੋ ਕੇ ਵਿਚਾਰ ਪ੍ਰਗਟ ਕਰਨ ਦੀ ਅਤੇ ਪਰੈਸ ਦੀ ਆਜ਼ਾਦੀ ਦੇ ਨਾਮ ਵਰਗੀ ਕੋਈ ਸ਼ੈਅ ਦੇਖਣ ਨੂੰ ਨਹੀਂ ਹੈ। ਕੇਂਦਰੀ ਸਰਕਾਰ ਵਲੋਂ ਦੇਸ਼ ਦੇ ਵਿਧਾਨ ਨੂੰ ਛਿੱਕੇ ਟੰਗ ਕੇ ਦਿਨ-ਦਿਹਾੜੇ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ ਹੈ, ਜਿਸਦੀਆਂ ਤਾਜ਼ੀਆਂ ਮਿਸਾਲਾਂ ਜੰਮੂ-ਕਸ਼ਮੀਰ ਅਤੇ ਆਂਧਰਾ ਦੀਆਂ ਸਰਕਾਰਾਂ ਨੂੰ ਕਾਂਗਰਸ ਪਾਰਟੀ ਵਲੋਂ ਹਰ ਹਰਬਾ ਵਰਤ ਕੇ ਮੂਧੀਆਂ ਮਾਰਨਾ ਹੈ। ਬਿਨ੍ਹਾਂ ਮੁਕੱਦਮਾ ਚਲਾਏ ਅਤੇ ਬਿਨ੍ਹਾਂ ਦੋਸ਼ ਸਾਬਤ ਕੀਤੇ ਸਾਧਾਰਣ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਪੰਜਾਬ ਦੇ ਜ਼ਖਮਾਂ 'ਤੇ "ਮਲ੍ਹਮ ਫਹਿਆਂ" ਕਰਨ ਦੇ ਨਾਂ ਹੇਠ ਆਪਦੇ ਸੌੜੇ ਸਿਆਸੀ ਮਨਸ਼ੇ ਪੂਰ ਕੇ ਸਰਕਾਰ ਵਲੋਂ ਲੂਣ ਛਿੜਕਿਆ ਜਾ ਰਿਹਾ ਹੈ।

ਪੰਜਾਬੀਆਂ 'ਚ ਆਪਸੀ ਨੇੜਤਾ ਅਤੇ ਭਰੱਪਣਤਾ ਵਧਾਉਣ ਦੀ ਬਜਾਏ ਸਰਕਾਰ ਦੀਆਂ ਨੀਤੀਆਂ ਅਤੇ ਉਸ ਵਲੋਂ ਕੀਤੇ ਜਾ ਰਹੇ ਨੀਚ ਕੰਗ ਫਿਰਕੂ ਖਾਈ ਨੂੰ ਆਏ ਦਿਨ ਹੋਰ ਡੂੰਘਾ ਕਰ ਰਹੇ ਹਨ। ਕਾਰ ਸੇਵਾ ਦਾ ਕੰਮ ਸਿੱਖ ਰਵਾਇਤਾਂ ਅਨੁਸਾਰ ਕਰਵਾਉਣ ਦੀ ਬਜ਼ਾਏ ਫੌਜ ਤੋਂ ਅਤੇ ਸਿੱਖਾਂ ਵਿਚਾਲੇ ਕਾਂਗਰਸ ਪੱਖੀ ਧੜੇ ਤੋਂ ਕਰਵਾਉਣਾ ਸਰਕਾਰ ਦੇ ਧਰਮ-ਨਿਰਪੱਖਤਾ ਅਤੇ ਜਮਹੂਰੀਅਤ ਦੇ ਬੁਰਕੇ ਨੂੰ ਲੀਰੋ ਲੀਰ ਕਰਦਾ ਹੈ। ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ :

1. ਸੈਂਟਰ ਦੀ ਸਰਕਾਰ ਪੰਜਾਬ 'ਚੋਂ ਅਤੇ ਸਾਰੇ ਗੁਰਦੁਆਰਿਆਂ 'ਚੋਂ ਫੌਜ ਨੂੰ ਫੌਰਨ ਵਾਪਸ ਬੁਲਾਵੇ।
2. ਪੰਜਾਬ ਦੇ ਸ਼ਹਿਰੀਆਂ ਸਿਰ ਮੜ੍ਹੇ ਗਏ ਜਾਬਰ ਕਾਨੂੰਨ ਤੁਰੰਤ ਵਾਪਸ ਲਏ ਜਾਣ ਅਤੇ ਇਨ੍ਹਾਂ ਨਾਦਰਸ਼ਾਹੀ ਕਾਨੂੰਨਾਂ ਰਾਹੀਂ ਪੰਜਾਬ ਦੇ ਜਨ-ਸਾਧਾਰਣ 'ਤੇ ਢਾਹਿਆ ਜਾ ਰਿਹਾ ਜਬਰ ਫੌਰਨ ਬੰਦ ਕੀਤਾ ਜਾਵੇ।
3. ਪੰਜਾਬ ਦੇ ਸਿਆਸੀ ਮਸਲਿਆਂ ਦਾ ਸਿਆਸੀ ਹੱਲ ਜਲਦੀ ਤੋਂ ਜਲਦੀ ਲੱਭਿਆ ਜਾਵੇ।
4. ਧਾਰਮਕ ਮਾਮਲਿਆਂ 'ਚ ਸਿਆਸੀ ਅਤੇ ਰਾਜਸੀ ਦਖਲ ਅੰਦਾਜ਼ੀ ਸਦਾ ਲਈ ਬੰਦ ਕੀਤੀ ਜਾਵੇ।
5. ਹਰਿਮੰਦਰ ਸਾਹਿਬ ਦੀ ਕਾਰ ਸੇਵਾ ਦਾ ਕੰਮ ਸਿੱਖ ਰਵਾਇਤਾਂ ਅਨੁਸਾਰ ਸੰਗਤ ਦੇ ਹਵਾਲੇ ਕੀਤਾ ਜਾਵੇ।
6. ਨੁਕਸਾਨੇ ਗਏ ਬੇਗੁਨਾਹਾਂ ਦੇ ਨਾਮ ਸ਼ਾਇਆ ਕੀਤੇ ਜਾਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਬਣਦਾ ਮੁਆਵਜ਼ਾ ਦਿਤਾ ਜਾਵੇ।
7. ਬਾਹਰ ਰਹਿੰਦੇ ਭਾਰਤੀਆਂ 'ਤੇ ਠੋਸਿਆ ਵੀਜ਼ਾ ਸਿਸਟਮ ਖਤਮ ਕੀਤਾ ਜਾਵੇ।

### ਮਤਾ ਨੰਬਰ 2

ਅਸੀਂ ਹਿੰਦੂ ਧਰਮ ਨਾਲ ਸਬੰਧਤ ਪੰਜਾਬੀਆਂ ਨੂੰ ਇਸ ਗੱਲ ਵੱਲ ਧਿਆਨ ਦੇਣ ਲਈ ਕਹਿੰਦੇ ਹਾਂ ਕਿ ਪੰਜਾਬ 'ਚ ਲਿਆ ਗਿਆ ਫੌਜੀ ਐਕਸ਼ਨ ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਹਿਫਾਜ਼ਤ ਜਾਂ ਜਾਨ-ਮਾਲ ਦੀ ਰਾਖੀ ਲਈ ਕੀਤਾ ਗਿਆ ਐਕਸ਼ਨ ਨਹੀਂ ਸੀ - ਉਨ੍ਹਾਂ ਦੇ ਕਤਲ ਤਾਂ ਆਏ ਦਿਨ ਪਿਛਲੇ ਦੋ ਸਾਲ ਤੋਂ ਹੋ ਰਹੇ ਸਨ ਅਤੇ ਹੁਣ ਵੀ ਹੋ ਰਹੇ ਹਨ। ਇਹ ਐਕਸ਼ਨ ਤਾਂ ਇਸ ਕਰਕੇ ਕੀਤਾ ਗਿਆ ਕਿ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਕੁੱਝ 'ਭੱਦਰ ਪੁਰਸ਼' ਵੀ ਦਹਿਸ਼ਤ ਪਸੰਦਾਂ ਦੀ ਮਾਰ ਹੇਠ ਆਉਣੇ ਸ਼ੁਰੂ ਹੋ ਗਏ ਸਨ ਅਤੇ ਹੋਰ ਬਹੁਤ ਸਾਰੇ ਖਤਰਾ ਮੰਨਣ ਲਗ ਪਏ ਸਨ, ਵਰਨਾ ਪੰਜਾਬ ਦੇ ਜਨ-ਸਾਧਾਰਣ ਦਾ ਜਾਨ-ਮਾਲ ਤਾਂ ਘੱਟੇ ਰੋਲਿਆਂ ਜਾ ਰਿਹਾ ਸੀ। ਦਰਬਾਰ ਸਾਹਿਬ 'ਤੇ ਕੀਤਾ ਗਿਆ ਇਹ ਵਹਿਸ਼ੀ ਫੌਜੀ ਕਾਰਾ ਫਿਰਕਾਪ੍ਰਸਤ ਤਾਕਤਾਂ ਨੂੰ ਹੋਰ ਤਾਕਤ ਬਖਸ਼ਦਾ ਹੈ ਅਤੇ ਪੰਜਾਬ ਦੇ ਫਿਰਕੂ ਮਾਹੌਲ 'ਚ ਹੋਰ ਵੀ ਜ਼ਹਿਰ ਘੋਲਦਾ ਹੈ - ਸੋ ਅਸੀਂ ਹਿੰਦੂ ਵੀਰਾਂ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਕਿਧਰੇ ਇਸ ਭੁਲੇਖੇ ਦਾ ਸ਼ਿਕਾਰ ਨਾ ਹੋ ਜਾਣ ਕਿ ਇਹ ਫੌਜੀ ਕਾਰਵਾਈ ਉਨ੍ਹਾਂ ਦੀ ਹਿਫਾਜ਼ਤ ਜਾਂ ਪੰਜਾਬ ਵਿਚਲੇ ਫਿਰਕੂ ਤਨਾਅ ਨੂੰ ਘਟਾਉਣ ਲਈ ਕੀਤੀ ਗਈ ਕਾਰਵਾਈ ਹੈ। ਅਸੀਂ ਉਨ੍ਹਾਂ ਨੂੰ ਇਹ ਵੀ ਦਰਖਾਸਤ ਕਰਾਂਗੇ ਕਿ ਉਹ ਜਮਹੂਰੀ ਰਵਾਇਤਾਂ ਨੂੰ ਅੱਗੇ ਵਧਾਉਂਦੇ ਹੋਏ ਸਰਕਾਰ ਦੇ ਇਸ ਘਿਨਾਉਣੇ ਅਤੇ ਫਾਸ਼ੀ ਕਾਰੇ ਨੂੰ ਨਿੰਦਣ ਲਈ ਅੱਗੇ ਵਧਣ।

ਪੰਜਾਬ 'ਚ ਫੌਜ ਦੀ ਮੌਜੂਦਗੀ ਕਿਸੇ ਤਰ੍ਹਾਂ ਵੀ ਹਿੰਦੂ ਵੀਰਾਂ ਅਤੇ ਪੰਜਾਬ ਦੇ ਜਨ-ਸਾਧਾਰਣ ਦੇ ਜਾਨ ਮਾਲ ਦੀ ਰਾਖੀ ਦੀ ਗਰੰਟੀ ਨਹੀਂ ਕਰਦੀ, ਉਨ੍ਹਾਂ ਦੀ ਸੁਰੱਖਿਅਤਾ ਪੰਜਾਬੀਆਂ ਦੇ ਆਪਸੀ ਭਰੱਪਣ ਅਤੇ ਸਹਿਚਾਰ 'ਤੇ ਨਿਰਭਰ ਹੈ - ਅਸੀਂ ਸਾਰੇ ਪੰਜਾਬੀਆਂ ਨੂੰ ਅਪੀਲ ਕਰਾਂਗੇ ਕਿ ਉਹ ਫਿਰਕਾਪ੍ਰਸਤਾਂ ਤਾਕਤਾਂ ਦੇ ਵਿਰੁੱਧ ਉਠਣ ਅਤੇ ਆਪਸੀ ਪਿਆਰ, ਭਰੱਪਣਤਾ ਅਤੇ ਸਹਿਯੋਗ ਵਧਾਉਣ।

## ਪਾਕਿਸਤਾਨ ਵਿਚ ਗੁਰਪੁਰਬ ਮਨਾਉਣ ਲਈ ਬਦੇਸ਼ੀ ਜਥਿਆਂ ਦੇ ਰਵਾਨਾ ਹੋਣ ਦੀ ਸੰਭਾਵਨਾ

ਲੰਡਨ — ਪੀ. ਟੀ. ਆਈ. ਦੀ ਖਬਰ ਅਨੁਸਾਰ ਬਦੇਸ਼ਾਂ - ਖਾਸਕਰ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਪੱਛਮੀ ਦੇਸ਼ਾਂ ਵਿਚ ਵਸਣ ਵਾਲੇ ਸਿੱਖਾਂ ਦੇ ਜਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਜਾ ਰਹੇ ਹਨ।

ਅਖੌਤੀ ਖਾਲਿਸਤਾਨੀ ਆਗੂ ਡਾ: ਜਗਜੀਤ ਸਿੰਘ ਚੌਹਾਨ ਨੇ ਏਥੇ ਕਿਹਾ ਕਿ ਪਾਕਿਸਤਾਨ ਵਿਚ ਜਾ ਕੇ ਗੁਰਪੁਰਬ ਮਨਾਉਣ ਦਾ ਫੈਸਲਾ ਏਥੇ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਕੌਮਾਂਤਰੀ ਸਿੱਖ ਭਾਈਚਾਰੇ ਦੇ ਨਾਂ ਤੇ ਸੱਦੀ ਗਈ ਹੈ। ਡਾ: ਚੌਹਾਨ ਨੇ ਕਿਹਾ ਕਿ ਕੈਲੇਫੋਰਨੀਆ ਦਾ ਦੀਦਾਰ ਸਿੰਘ ਬੈਂਸ ਅਤੇ ਸਾਬਕਾ ਮੇਜਰ ਜਨਰਲ ਜੇ. ਐਸ. ਭੁੱਲਰ ਨੇ ਵੀ ਇਸ ਮੀਟਿੰਗ ਵਿਚ ਹਿਸਾ ਲਿਆ।

ਚੌਹਾਨ ਨੇ ਪ੍ਰੈਸ ਨੂੰ ਦੱਸਿਆ ਕਿ 8 ਨਵੰਬਰ ਨੂੰ ਲਾਹੌਰ ਨੇੜੇ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਵੇਗਾ। ਚੌਹਾਨ ਨੇ ਕਿਹਾ ਕਿ ਉਸ ਨੇ ਵੀਜ਼ਾ ਲੈਣ ਲਈ ਪਾਕਿਸਤਾਨ ਸਰਕਾਰ ਅੱਗੇ ਅਰਜ਼ੀ ਦਿਤੀ ਹੋਈ ਹੈ। ਉਸ ਅਨੁਸਾਰ ਚਾਰਟਰ ਜਹਾਜ਼ ਪਾਕਿਸਤਾਨ ਲਈ ਨਵੰਬਰ ਦੇ ਪਹਿਲੇ ਹਫਤੇ ਰਵਾਨਾ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਬੈਂਸ ਤੇ ਭੁੱਲਰ ਪੱਛਮੀ ਦੇਸ਼ਾਂ ਵਿਚ ਅੱਗੇ ਦੀਆਂ ਯੋਜਨਾਵਾਂ ਤਿਆਰ ਕਰ ਰਹੇ ਹਨ।

## ਵਿਰੋਧੀ ਪਾਰਟੀਆਂ ਨੇ ਜ਼ੀਆ ਦਾ ਫਾਰਮੂਲਾ ਰੱਦ ਕਰ ਦਿਤਾ

ਲੰਡਨ — ਜ਼ੀਆ-ਉਲ-ਹੱਕ ਨੇ ਵਿਰੋਧੀ ਪਾਰਟੀਆਂ ਨੂੰ ਝਾਂਸਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਉਸਨੂੰ ਪੰਜ ਸਾਲ ਲਈ ਹੋਰ ਪ੍ਰਧਾਨ ਦੇ ਅਹੁਦੇ ਤੇ ਰਹਿਣ ਦਾ ਵਚਨ ਦੇਣ ਤਾਂ ਉਹ 1973 ਦੇ ਵਿਧਾਨ ਅਨੁਸਾਰ ਚੋਣਾਂ ਕਰਵਾ ਸਕਦਾ ਹੈ ਪਰ ਪੀਪਲਜ਼ ਪਾਰਟੀ ਦੇ ਸੀਨੀਅਰ ਲੀਡਰ ਗੁਲਾਮ ਮੁਸਤਫਾ ਖਾਰ ਨੇ ਜ਼ੀਆ ਦਾ ਇਹ ਫਾਰਮੂਲਾ ਮੁਢੋਂ ਹੀ ਰੱਦ ਕਰ ਦਿਤਾ ਹੈ। ਖਾਰ ਨੇ ਕਿਹਾ ਕਿ 'ਜ਼ੀਆ ਦੀ ਮੱਦਦ ਕਿਸੇ ਢੰਗ ਨਾਲ ਕਰਨਾ ਵੀ ਸਾਡੇ ਲਈ ਪਾਪ ਹੈ।'

ਦਸ ਪਾਰਟੀਆਂ ਦੇ ਸਾਂਝੇ ਮੋਰਚੇ ਦੇ ਬਹੁਤੇ ਲੀਡਰ ਲੰਡਨ ਵਿਚ ਦੇਸ਼-ਨਿਕਾਲਾ ਕੱਟ ਰਹੇ ਹਨ।

## ਪਾਕਿ ਦੇ ਏਅਰ ਚੀਫ਼ ਵਲੋਂ ਪਾਕਿਸਤਾਨੀ ਅੱਡਿਆਂ ਦੀ ਵਰਤੋਂ ਲਈ ਅਮਰੀਕਾ ਤੇ ਦੋਸ਼

ਇਸਲਾਮਾਬਾਦ — ਪਾਕਿਸਤਾਨ ਏਅਰ ਫੋਰਸ ਦੇ ਸਾਬਕਾ ਮੁੱਖੀ ਜ਼ੁਲਫ਼ੀਕਾਰ ਅਲੀ ਖਾਨ ਨੇ ਪਾਕਿਸਤਾਨ ਦੀ ਫੌਜੀ ਹਕੂਮਤ ਨੂੰ ਚਿਤਾਵਨੀ ਦਿਤੀ ਹੈ ਕਿ ਪਾਕਿਸਤਾਨ ਦੀ ਹਿਫ਼ਾਜ਼ਤ ਲਈ ਜ਼ਰੂਰੀ ਹੈ ਕਿ ਅਮਰੀਕਾ ਨੂੰ ਪਾਕਿਸਤਾਨ ਵਿਚ ਹਵਾਈ ਅੱਡਿਆਂ ਦੀ ਦੁਰਵਰਤੋਂ ਨਾ ਕਰਨ ਦਿਤੀ ਜਾਵੇ।

ਇਸਲਾਮਾਬਾਦ ਦੇ ਰੋਜ਼ਾਨਾ ਪਰਚੇ 'ਮੁਲਸਿਮ' ਵਿਚ ਇਕ ਲੇਖ ਲਿਖਦਿਆਂ ਨੇ ਪਾਕਿਸਤਾਨੀ ਹਾਕਮਾਂ ਨੂੰ ਚੌਕਸ ਕੀਤਾ ਹੈ ਕਿ ਜੇ ਅਮਰੀਕਾ ਨਾਲ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਨੂੰ ਵਰਤਣ ਲਈ ਸਮਝੌਤਾ ਕੀਤਾ ਗਿਆ ਤਾਂ ਰੂਸ ਵਲੋਂ ਜਵਾਬੀ ਕਾਰਵਾਈ ਲਈ ਤਿਆਰ ਹੋਣਾ ਪਵੇਗਾ।

ਉਨ੍ਹਾਂ ਲਿਖਿਆ ਹੈ ਕਿ ਪਾਕਿਸਤਾਨ ਵਿਚ ਅਮਰੀਕਾ ਪੱਖੀ ਲਾਬੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਸਹੂਲਤਾਂ ਅਮਰੀਕਾ ਨੂੰ ਦਿਤੀਆਂ ਜਾਣ ਪਰ ਜੇ ਇਹ ਕੋਸ਼ਿਸ਼ ਕਾਮਯਾਬ ਹੋ ਗਈ ਤਾਂ ਪਾਕਿਸਤਾਨ ਨੂੰ ਰੂਸ ਦਾ ਮੁਕਾਬਲਾ ਕਰਨ ਲਈ ਤਿਆਰ ਹੋਣਾ ਪਵੇਗਾ।

ਏਅਰ ਮਾਰਸ਼ਲ ਖਾਨ 1974 ਤੋਂ 1978 ਤੱਕ ਪਾਕਿਸਤਾਨ ਦੀ ਏਅਰ ਫੋਰਸ ਦਾ ਮੁਖੀ ਰਿਹਾ ਹੈ ਅਤੇ ਅਜੇ ਵੀ ਪਾਕਿਸਤਾਨੀ ਹਲਕਿਆਂ ਵਿਚ ਉਸਦਾ ਅਸਰ ਰਸੂਖ ਕਾਫੀ ਦੱਸਿਆ ਜਾਂਦਾ ਹੈ।

ਏਅਰ ਮਾਰਸ਼ਲ ਨੇ 1960 ਦੀ ਯਾਦ ਤਾਜ਼ਾ ਕਰਾਉਂਦਿਆਂ ਕਿਹਾ ਕਿ ਉਸ ਸਮੇਂ ਪਿਸ਼ਾਵਰ ਦਾ ਅੱਡਾ ਯੂ-2 ਜਹਾਜ਼ਾਂ ਦੀ ਉਡਾਣਾਂ ਲਈ ਦਿਤਾ ਗਿਆ ਸੀ ਜੋ ਅਮਰੀਕਨ ਜਹਾਜ਼ ਰੂਸ ਦੀ ਜਾਸੂਸੀ ਲਈ ਵਰਤਦੇ ਸਨ। ਜਦ ਯੂ-2 ਰੂਸ ਵਲਿਆਂ ਨੇ ਸੁੱਟ ਲਿਆ ਸੀ ਤਾਂ ਪਾਕਿਸਤਾਨ ਨੂੰ ਚਿਤਾਵਨੀ ਦੇ ਦਿਤੀ ਗਈ ਸੀ ਕਿ ਪੇਸ਼ਾਵਰ ਦੀ ਅੱਡਾ ਉਡਾ ਦਿਤਾ ਜਾਵੇਗਾ।

### ਮਤਾ ਨੰਬਰ 3

ਪੰਜਾਬ ਦੇ ਲੋਕਾਂ ਉਪਰ ਕੇਂਦਰ ਸਰਕਾਰ ਵਲੋਂ ਕੀਤੀ ਫੌਜੀ ਕਾਰਵਾਈ, ਸੈਂਕੜੇ ਨਿਰਦੋਸ਼ ਜਾਨਾਂ ਦੇ ਨੁਕਸਾਨ ਅਤੇ ਆਮ ਲੋਕਾਂ ਉਪਰ ਠੋਸੇ ਜਾਬਰ ਕਾਨੂੰਨਾਂ ਬਾਰੇ ਸਾਡੀ(ਭਾਰਤੀ) ਕਮਿਉਨਿਟੀ ਦੀਆਂ ਕਈ ਜਥੇਬੰਦੀਆਂ ਵਲੋਂ ਚੁੱਪ ਸਾਧੀ ਹੋਈ ਹੈ। ਜਦੋਂ ਕਿ ਫਿਰਕੂ ਜਥੇਬੰਦੀਆਂ ਵਲੋਂ ਵਧਾ ਚੜ੍ਹਾ ਕੇ ਅਤੇ ਫਿਰਕੂ ਭਾਵਨਾਵਾਂ ਨੂੰ ਹੋਰ ਹਵਾ ਦੇਣ ਵਾਲੇ ਬਿਆਨ ਦਿੱਤੇ ਜਾ ਰਹੇ ਹਨ। ਅਜਿਹੇ ਸਮੇਂ ਇਨ੍ਹਾਂ ਜਥੇਬੰਦੀਆਂ ਵਲੋਂ ਧਾਰੀ ਚੁੱਪ ਲੋਕਾਂ 'ਚ ਫਿਰਕੂ ਪਾੜਾ ਵਧਾ ਰਹੀ ਹੈ। ਸਭਾ ਇਹਨਾਂ ਭਾਰਤੀ ਜਥੇਬੰਦੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਸਚਾਈ ਨੂੰ ਸਾਹਮਣੇ ਰੱਖਦੇ ਹੋਏ ਲੋਕਾਂ ਵਿਚਕਾਰ ਆਪਦੇ ਵਿਚਾਰ ਰਖਣ ਅਤੇ ਪੰਜਾਬੀਆਂ ਦੇ ਦੁੱਖ ਨੂੰ ਵੰਡਾ ਕੇ ਉਹਨਾਂ ਨੂੰ ਆਪਸੀ ਏਕਤਾ ਬਣਾਈ ਰੱਖਣ 'ਚ ਸਹਾਈ ਹੋਣ।

## ਰਾਜਿੰਦਰ ਸਿੰਘ ਸਪੈਰੋ ਵੈਨਕੂਵਰ ਵਿਚ

ਵੈਨਕੂਵਰ — ਖਬਰ ਮਿਲੀ ਹੈ ਕਿ ਪੰਜਾਬ ਦੇ ਜਲੰਧਰ ਹਲਕੇ ਦੇ ਪਾਰਲੀਮੈਂਟ ਮੈਂਬਰ ਜਨਰਲ ਰਾਜਿੰਦਰ ਸਿੰਘ ਸਪੈਰੋ ਕੈਨੇਡਾ ਦੇ ਦੌਰ ਤੇ ਹਨ ਅਤੇ ਅੱਜ ਕੱਲ੍ਹ ਵੈਨਕੂਵਰ ਵਿਚ ਹਨ।

## ਜਸਟਿਸ ਬੈਂਸ ਵੈਨਕੂਵਰ ਵਿਚ

ਵੈਨਕੂਵਰ — ਇਕ ਸੂਚਨਾ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਅਜੀਤ ਸਿੰਘ ਬੈਂਸ ਅੱਜ ਕੱਲ੍ਹ ਵੈਨਕੂਵਰ ਆਏ ਹੋਏ ਹਨ

ਲੋਕ ਸਦਭਾਵਨਾ ਮੰਚ ਕਮਿਉਨਿਟੀ ਦੀ ਏਕਤਾ ਦਾ ਪ੍ਰਤੀਕ ਹੈ। ਅੱਜ ਹੀ ਮੈਂਬਰ ਬਣੋ : (ਇਹ ਫ਼ਾਰਮ ਭਰਕੇ ਤੁਸੀਂ ਮੰਚ ਨੂੰ ਭੇਜ ਸਕਦੇ ਹੋ। ਮੈਂਬਰਸ਼ਿਪ ਫੀਸ ਕੇਵਲ ਇਕ ਡਾਲਰ ਹੈ।)

FORUM FOR COMMUNAL HARMONY
P.P.BOX 2252, NEW WESTMINSTER, B.C. V3L 5A5

OBJECTIVE :— To preserve and promote communal harmony and Hindu-Sikh unity in the community.

I/We agree with the above objective of the FORUM FOR COMMUNAL HARMONY and hereby apply for the membership.

MEMBERSHIP FEE:— $25.00 for organizations and minimum $1.00 for individuals.

NAME ____________________

ADDRESS ____________________

PHONE NO. ____________________

SIGNATURES ____________________




**ਆਪਣੇ ਸਟੋਰ ਤੋਂ ਟੇਪ ਦੀ ਮੰਗ ਕਰੋ**

ਪੀਲੇ ਰੰਗ ਵਿੱਚ ਛਪੇ ਐਨ ਉਪਰ ਦਿੱਤੇ ਅਜਿਹੇ ਕਵਰ ਤੋਂ ਬਿਨਾਂ ਟੇਪ ਨਾ ਖਰੀਦੋ। ਉਹ ਨਕਲ ਹੈ - ਅਸਲ ਨਹੀਂ। ਉਸ ਦੀ ਕੁਆਲਿਟੀ ਮਾੜੀ ਹੈ। ਜੇ ਕੋਈ ਸਟੋਰ ਨਕਲ ਵੇਚਦਾ ਹੋਵੇ ਤਾਂ ਉਸ ਦਾ ਨਾਂ, ਪਤਾ, ਟੇਪ ਖਰੀਦਣ ਦੀ ਤਾਰੀਖ ਆਦਿਕ 'ਕੈਨੇਡਾ ਦਰਪਣ' ਨੂੰ ਭੇਜੋ ਤਾਂ ਕਿ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।
ਧੰਨਵਾਦ

**ਟੇਪ ਨਕਲ ਕਰਨ ਵਾਲੇ ਸਟੋਰਾਂ ਨੂੰ ਚਿਤਾਵਣੀ!!**

ਸਾਨੂੰ ਪਤਾ ਲੱਗਾ ਹੈ ਕਿ ਕੁੱਝ ਸਟੋਰ ਮੇਰੀਆਂ ਗ਼ਜ਼ਲਾਂ ਦੇ ਟੇਪ ਦੀਆਂ ਨਕਲਾਂ ਕਰਕੇ ਵੇਚ ਰਹੇ ਹਨ। ਉਨ੍ਹਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਇਹ ਗੈਰ-ਕਾਨੂੰਨੀ ਹੈ ਅਤੇ ਉਹ ਅੱਗੇ ਤੋਂ ਅਜੇਹਾ ਨਾ ਕਰਨ। ਨਹੀਂ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਟੇਪ ਦੇ ਸਾਰੇ ਹੱਕ ਮੇਰੇ ਕੋਲ ਹਨ
ਵਿਕਰੀ ਖਾਤਰ ਟੇਪ ਕਰਨ ਲਈ ਫੋਨ ਕਰੋ:
ਗੁਰਚਰਨ ਰਾਮਪੁਰੀ - ਫੋਨ 986-2883 ਸ਼ਾਮ 7 ਤੋਂ 9 ਵਜੇ ਤੱਕ।

## 'ਕੈਨੇਡਾ ਦਰਪਣ' ਦਾ ਅਗਲਾ ਅੰਕ ਵਿਸ਼ੇਸ਼ ਗੁਰੂ ਨਾਨਕ ਸਾਲਾਨਾ ਅੰਕ ਹੋਵੇਗਾ

## ਗ੍ਰਿਫ਼ਤਾਰ ਵਿਅਕਤੀਆਂ ਦੀ ਕਾਨੂੰਨੀ ਪੈਰਵੀ ਕੀਤੀ ਜਾਵੇ — ਸੰਤ ਲੌਂਗੋਵਾਲ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਕਿਹਾ ਹੈ ਕਿ ਜ਼ਿਲਾ ਪੱਧਰ ਤੇ ਅਜਿਹੇ ਵਕੀਲਾਂ ਦੇ ਪੈਨਲ ਬਣਾਏ ਜਾਣ ਜੋ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਕੇਸਾਂ ਦੀ ਪੈਰਵੀ ਕਰਨ।

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਸ: ਗੁਰਦੇਵ ਸਿੰਘ ਨੂੰ ਸੰਤ ਲੌਂਗੋਵਾਲ ਦਾ ਖਤ ਮਿਲਿਆ ਹੈ ਕਿ ਗ੍ਰਿਫ਼ਤਾਰ ਵਿਅਕਤੀ ਬੇਸ਼ੱਕ ਮਾਡਰੇਟ ਹੋਣ ਜਾਂ ਅਤਿਵਾਦੀ ਉਨ੍ਹਾਂ ਦਾ ਕਾਨੂੰਨੀ ਮੱਦਦ ਜ਼ਰੂਰ ਅਕਾਲੀ ਦਲ ਕਰੇ।

ਉਨ੍ਹਾਂ ਦੇ ਖਤ ਦੀਆਂ ਕਾਪੀਆਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਮਿਲ ਰਹੀਆਂ ਸਨ, ਜਿਸ ਵਿਚ ਸੰਤ ਲੌਂਗੋਵਾਲ ਨੇ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਲੋਕਾਂ ਦੇ ਘਰਾਂ ਵਿਚ ਸ਼ੋਕ-ਪੱਤਰ ਭੇਜੇ ਜਿਨ੍ਹਾਂ ਪ੍ਰਵਾਰਾਂ ਦੇ ਬੰਦੇ ਫੌਜੀ ਕਾਰਵਾਈ ਸਮੇਂ ਮਾਰੇ ਗਏ ਹਨ। ਸੰਤ ਲੌਂਗੋਵਾਲ ਨੇ ਖਤ ਵਿਚ ਅਕਾਲੀ ਦਲ ਦੇ ਵਰਕਰਾਂ ਨੂੰ ਅਪੀਲ ਵੀ ਕੀਤੀ ਹੈ ਕਿ ਉਹ ਉਨ੍ਹਾਂ ਪਰਵਾਰਾਂ ਨੂੰ ਜਾ ਕੇ ਜ਼ਰੂਰ ਮਿਲਣ ਜਿਨ੍ਹਾਂ ਦਾ ਨੁਕਸਾਨ ਇਸ ਸਮੇਂ ਹੋਇਆ।

ਖਤ ਵਿਚ ਅਕਾਲੀ ਦਲ ਦੇ ਮੈਂਬਰਾਂ ਨੂੰ ਏਕੇ ਦਾ ਸਬੂਤ ਦੇਣ ਲਈ ਦਿਤਾ ਗਿਆ ਹੈ।

## ਸੁਰਜੀਤ ਸਿੰਘ ਮਿਨਹਾਸ ਗ੍ਰਿਫਤਾਰ

ਜਲੰਧਰ — ਕੌਮੀ ਸੁਰੱਖਿਆ ਕਾਨੂੰਨ ਅਧੀਨ ਇਥੇ ਦਾ ਸੀਨੀਅਰ ਅਕਾਲੀ ਲੀਡਰ ਅਤੇ ਜ਼ਿਲਾ ਅਕਾਲੀ ਦਲ ਦਾ ਸਕੱਤਰ ਸੁਰਜੀਤ ਸਿੰਘ ਮਿਨਹਾਸ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸਨੂੰ ਸਥਾਨਕ ਸੈਂਟਰਲ ਜੇਲ੍ਹ ਭੇਜ ਦਿਤਾ ਗਿਆ।

ਸ੍ਰ: ਮਿਨਹਾਸ ਗ੍ਰਿਫਤਾਰ ਕੀਤੇ ਅਕਾਲੀ ਵਰਕਰਾਂ ਦੇ ਵਕੀਲ ਦੇ ਤੌਰ ਤੇ ਕੰਮ ਕਰਦੇ ਸਨ।

ਪੁਲਸ ਸੂਤਰਾਂ ਅਨੁਸਾਰ ਉਨ੍ਹਾਂ ਦੇ ਘਰ ਦੀ ਤਲਾਸ਼ੀ ਵੀ ਲਈ ਗਈ ਪਰ ਉਥੋਂ ਕੋਈ ਗੈਰ ਕਾਨੂੰਨੀ ਚੀਜ਼ ਨਹੀਂ ਮਿਲੀ।

**ਸਾਲਾਨਾ ਅੰਕ ਪਹਿਲੀ ਨਵੰਬਰ ਨੂੰ ਪ੍ਰਕਾਸ਼ਤ ਹੋਵੇਗਾ**

## ਪੰਜਾਬ ਵਿਚ ਵਜ਼ਾਰਤ ਬਣਨ ਦੀਆਂ ਸੰਭਾਵਨਾਵਾਂ ਖਤਮ

ਨਵੀਂ ਦਿੱਲੀ — ਕੇਂਦਰ ਨੇ ਪੰਜਾਬ ਵਿਚ ਵਜ਼ਾਰਤ ਬਨਾਉਣ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਦੇਣ ਦਾ ਇਰਾਦਾ ਕਰ ਲਿਆ ਹੈ। ਘੱਟੋ ਘੱਟ ਦਸੰਬਰ ਤੱਕ ਵਜ਼ਾਰਤ ਨਹੀਂ ਬਣੇਗੀ। ਪੰਜਾਬ ਦੇ ਕਾਂਗਰਸੀ ਲੀਡਰਾਂ ਨੂੰ ਕੇਂਦਰੀ ਲੀਡਰਾਂ ਨੇ ਦੱਸ ਦਿਤਾ ਹੈ ਕਿ ਜਿਨਾ ਚਿਰ ਪੰਜਾਬ ਵਿਚ ਕਤਲੋਗਾਰਤ ਬੰਦ ਨਹੀਂ ਹੁੰਦੀ, ਉਨਾ ਚਿਰ ਪੰਜਾਬ ਵਿਚ ਵਜ਼ਾਰਤ ਨਹੀਂ ਬਣੇਗੀ। ਯਾਦ ਰਹੇ ਕਿ 6 ਅਕਤੂਬਰ 1983 ਨੂੰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਸੀ ਅਤੇ ਅਸੈਂਬਲੀ ਨੂੰ ਤੋੜਿਆ ਨਹੀਂ ਸੀ ਗਿਆ ਸਗੋਂ ਸਸਪੈਂਡ ਕਰ ਦਿਤਾ ਗਿਆ ਸੀ। ਸਟੈਚੂਰੀ ਮਤੇ ਰਾਹੀਂ 27 ਅਗਸਤ ਨੂੰ ਇਕ ਸਾਲ ਲਈ ਹੋਰ ਰਾਸ਼ਟਰਪਤੀ ਰਾਜ ਦੀ ਮਿਆਦ ਵਧਾ ਦਿਤੀ ਗਈ ਸੀ ਜੋ ਅਕਤੂਬਰ ਤੋਂ ਲਾਗੂ ਕਰ ਦਿਤੀ ਗਈ ਹੈ।

ਕੇਂਦਰੀ ਸਰਕਾਰ ਦੇ ਬੁਲਾਰੇ ਅਨੁਸਾਰ ਪੰਜਾਬ ਵਿਚ ਅਜੇ ਵੀ ਹਾਲਾਤ ਸੁਖਾਵੇਂ ਨਹੀਂ ਹਨ। ਜਥੇਬੰਦਕ ਢੰਗ ਨਾਲ ਕੌਮ ਵਿਰੋਧੀ ਕਾਰਵਾਈਆਂ ਅਤੇ ਨਾਅਰੇ ਦਿਤੇ ਜਾ ਰਹੇ ਹਨ। ਦੋ ਜ਼ਿਲਿਆਂ ਵਿਚ ਅਜੇ ਵੀ ਕਤਲ ਦੀਆਂ ਵਾਰਦਾਤਾਂ ਜਾਰੀ ਹਨ।

## ਅਕਾਲੀ ਦਲ ਵਿਚ ਬਹਿਸ ਦਾ ਆਰੰਭ

ਰਾਜਨੀਤਕ ਸੂਤਰਾਂ ਦਾ ਵਿਚਾਰ ਹੈ ਕਿ ਹੁਣ ਤੱਕ ਅਕਾਲੀ ਲੀਡਰਸ਼ਿਪ ਅੱਗੇ ਇਕੋ ਇਕ ਰੁਝਾਨ ਸੀ ਕਿ ਗੁਰਦੁਆਰਿਆਂ ਵਿਚੋਂ ਫੌਜ ਹਟਾਈ ਜਾਵੇ। ਹੁਣ ਫੌਜ ਦੇ ਹਟਣ ਨਾਲ ਅਕਾਲੀ ਲੀਡਰਸ਼ਿਪ ਇਸ ਗੱਲ ਤੇ ਵਿਚਾਰ ਕਰੇਗੀ ਕਿ ਜੋ ਘਟਨਾਵਾਂ ਪਿਛਲੇ ਚਾਰ ਮਹੀਨੇ ਵਿਚ ਵਾਪਰੀਆਂ ਹਨ ਉਨ੍ਹਾਂ ਲਈ ਕੌਣ ਜ਼ਿੰਮੇਂਵਾਰ ਹੈ। ਇਸ ਬਹਿਸ ਦੇ ਛਿੜਨ ਨਾਲ ਸੰਤ ਲੌਂਗੋਵਾਲ, ਜਥੇਦਾਰ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਦੀ ਲੀਡਰਸ਼ਿਪ ਸਬੰਧੀ ਵੀ ਫੈਸਲਾ ਹੋ ਜਾਵੇਗਾ ਕਿ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਵਿਧਾਇਕ ਗਰੁੱਪ ਵਿਚ ਕਿੰਨੀ ਕੁ ਮਾਨਤਾ ਪ੍ਰਾਪਤ ਹੈ।

ਰਾਜਨੀਤਕ ਸੂਤਰ ਇਹ ਵੀ ਸੋਚਦੇ ਹਨ ਕਿ ਕੇਂਦਰੀ ਲੀਡਰ ਪੰਜਾਬ ਦੇ ਕਾਂਗਰਸੀਆਂ ਵਿਚ ਧੜੇਬੰਦਕ ਲੜਾਈ ਨੂੰ ਮੁੜ ਤੋਂ ਸ਼ੁਰੂ ਹੋਇਆਂ ਨਹੀਂ ਦੇਖਣਾ ਚਾਹੁੰਦੇ। ਪੰਜਾਬ ਵਿਚ ਜ਼ੈਲ ਸਿੰਘ ਗਰੁੱਪ ਤੇ ਦਰਬਾਰਾ ਸਿੰਘ ਗਰੁੱਪ ਵਿਚ ਮੁੜ ਧੜੇਬੰਦੀ ਸ਼ੁਰੂ ਹੋ ਸਕਦੀ ਹੈ।

ਪਿਛਲੇ ਕੁਝ ਹਫਤਿਆਂ ਵਿਚ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦੇ ਮੁਖ ਮੰਤਰੀ ਬਣਨ ਦੀਆਂ ਸੰਭਾਵਨਾਵਾਂ ਸਨ ਪਰ ਜੋ ਕੁਝ 1 ਅਕਤੂਬਰ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ਵਾਪਰਿਆ, ਉਸ ਤੋਂ ਰਾਜਨੀਤਕ ਸੂਤਰਾਂ ਅਨੁਸਾਰ ਕੇਂਦਰ ਨੇ ਵਜ਼ਾਰਤ ਬਨਾਉਣ ਦਾ ਖਿਆਲ ਛੱਡ ਦਿਤਾ।

## ਪੰਜਾਬ ਵਿਚ ਵੱਡੀ ਪੱਧਰ ਤੇ ਅਫਸਰਾਂ ਦੀਆਂ ਤਬਦੀਲੀਆਂ

ਚੰਡੀਗੜ੍ਹ — ਪ੍ਰਬੰਧਕੀ ਢਾਂਚੇ ਵਿਚ ਮੁੜ ਤੋਂ ਵੱਡੀ ਪੱਧਰ ਤੇ ਅਫਸਰਾਂ ਦੀਆਂ ਤਬਦੀਲੀਆਂ ਕੀਤੇ ਜਾਣ ਦੀ ਖਬਰ ਹੈ। ਪਟਿਆਲਾ ਦੇ ਕਮਿਸ਼ਨਰ ਕੰਵਲ ਨੈਨ ਸਿੰਘ ਨੂੰ ਗਵਰਨਰ ਦਾ ਸਕੱਤਰ ਥਾਪ ਦਿਤਾ ਗਿਆ ਅਤੇ ਪਹਿਲੇ ਗਵਰਨਰ ਦੇ ਸਕੱਤਰ ਅਮਰਜੀਤ ਸਿੰਘ ਨੂੰ ਟਰਾਂਸਪੋਰਟ ਦਾ ਨਵਾਂ ਡਾਇਰੈਕਟਰ ਲਗਾਇਆ ਗਿਆ ਹੈ। ਟਰਾਂਸਪੋਰਟ ਡਾਇਰੈਕਟਰ ਏ. ਕੇ. ਦੂਬੇ ਛੁੱਟੀ ਤੇ ਚਲੇ ਗਏ ਹਨ।

ਇਨ੍ਹਾਂ ਤਬਦੀਲੀਆਂ ਵਿਚ ਲਗਪਗ 12 ਆਈ. ਏ. ਐਸ. ਅਫਸਰ ਬਦਲੇ ਗਏ ਹਨ। ਐਮ. ਐਸ. ਚਾਹਿਲ ਨਵੇਂ ਇੰਡਸਟਰੀ ਸਕੱਤਰ ਬਣਾਏ ਗਏ ਹਨ ਅਤੇ ਪਹਿਲੇ ਸਕੱਤਰ ਸਵਰਨ ਸਿੰਘ ਬੋਪਾਰਾਏ ਨੂੰ ਰਣਜੀਤਗੜ੍ਹ ਪ੍ਰੋਜੈਕਟ ਦਾ ਡਾਇਰੈਕਟਰ ਬਣਾ ਦਿਤਾ ਗਿਆ ਹੈ।

ਸ੍ਰੀ ਏ. ਐਸ. ਪੂੰਨੀ ਨੂੰ ਦੋ ਸਾਲ ਗ੍ਰਹਿ ਸਕੱਤਰ ਬਣੇ ਰਹਿਣ ਤੋਂ ਪਿਛੋਂ ਪਟਿਆਲਾ ਡਵੀਜ਼ਨ ਦਾ ਮੁੜ ਕਮਿਸ਼ਨਰ ਲਾ ਦਿਤਾ ਗਿਆ ਹੈ।

ਸ੍ਰੀ ਮਨਮੋਹਨ ਸਿੰਘ ਨੂੰ ਕੇਂਦਰ ਵਿਚੋਂ ਬੁਲਾ ਲਿਆ ਗਿਆ ਹੈ ਤੇ ਉਹ ਪਬਲਿਕ ਵਰਕਰਜ਼ ਵਿਭਾਗ ਦੇ ਨਵੇਂ ਸਕੱਤਰ ਹੋਣਗੇ।


## ਫ਼ਾਰਮ ਵਰਕਰਾਂ ਦੀ ਲੋੜ

- ਸਾਡੇ ਕੋਲ winter ਰਸ ਬੇਰੀ ਟੁੱਟ ਰਹੀ ਹੈ
- ਤਜਰਬੇਕਾਰ ਪਿਕਰਾਂ ਦੀ ਲੋੜ ਹੈ
- ਸਾਡੇ ਪਾਸ ਘੰਟਿਆਂ ਦਾ ਕੰਮ ਵੀ ਹੈ।

ਹੇਠ ਲਿਖੇ ਫ਼ੋਨ ਤੇ ਹੋਰ ਪੁਛਗਿਛ ਕਰ ਸਕਦੇ ਹੋ

321-4963

325-1027



# LUDHIANA MARKET

# ਲੁਧਿਆਣਾ ਮਾਰਕਿਟ

Tel. 437-9003

5240 RUMBLE ST. BURNABY, B.C.

## DEWALI BIGGEST SALE FOR ONE WEEK

**No Body Can Compete and Beat Our Prices**

| | | | | |
|---|---|---|---|---|
| Washed Manh<br>Black Manh<br>Washed Moongi<br>ਕਾਲੇ ਮਾਂਹ ਧੋਤੇ ਮਾਂਹ<br>ਧੋਤੀ ਮੂੰਗੀ<br>40¢ lb each | Onion Good Quality<br>ਗੰਢੇ 50 lb.<br>$5.99 | Basmati Rice<br>ਬਾਸਮਤੀ ਚਾਵਲ<br>lb. 65¢ | Nabob Tea<br>ਨਵਾਬ ਚਾਹ<br>120's pkt. $3.89 | Atta<br>ਆਟਾ<br>2x10 kg.<br>$8.89 |
| Tinda Tin<br>Apple Juice<br>Chick Peas Tin<br>ਟੀਂਡਾ ਟੀਨ ਐਪਲ ਜੂਸ<br>ਛੋਲਿਆਂ ਦਾ ਟੀਨ<br>89¢ each | Fresh Chicken Legs & Thighs<br>ਮੁਰਗੇ ਦੀਆਂ ਲੱਤਾਂ ਤੇ ਪੱਟ<br>.99 lb. | Corn Oil<br>ਮੱਕੀ ਦਾ ਤੇਲ<br>3 lt. $4.99 | Good Quality Mango Pickles<br>Pealed or unpealed<br>per tin 1.89 | Sugar<br>ਖੰਡ<br>10 kg. $5.79 |

**All fresh vegetables from FIJI or INDIA under $1.29 lb.**

**Bargain available dont hesitate Bargaining**

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.): DARSHAN GILL
Managing Editor : GURDEV SINGH DHALIWAL
PHONE : (604)321 - 6360
All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਪੰਜਾਬ ਦਾ ਰਾਜਸੀ ਹੱਲ ਜ਼ਰੂਰੀ

ਸਾਰੇ ਅਮਨਪਸੰਦ ਲੋਕਾਂ ਲਈ ਇਹ ਖੁਸ਼ੀ ਦਾ ਮੌਕਾ ਹੈ ਕਿ ਇਨੀ ਜਦੋਜਹਿਦ ਕਰਨ ਦੇ ਫਲਸਰੂਪ ਆਖਰ ਕੇਂਦਰੀ ਸਰਕਾਰ ਦੇ ਖਾਨੇ ਗੱਲ ਪੈ ਗਈ ਹੈ ਤੇ ਫੌਜੀ ਦਸਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਹਟਾ ਦਿਤੇ ਗਏ ਹਨ। ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੀ ਪੁਨਰ ਉਸਾਰੀ ਵੀ ਮੁਕੰਮਲ ਹੋ ਗਈ ਹੈ ਅਤੇ ਲੋਕਾਂ ਦੀ ਮੰਗ ਤੇ ਬਜ਼ੁਰਗ ਬਾਬਾ ਖੜਕ ਸਿੰਘ ਹੋਰਾਂ ਕਾਰ ਸੇਵਾ ਦਾ ਕੰਮ ਵੀ ਸੰਭਾਲ ਲਿਆ ਹੈ ਜੋ ਦੀਵਾਲੀ ਵਾਲੇ ਦਿਨ ਮੁਕੰਮਲ ਹੋ ਜਾਵੇਗਾ।

ਹੁਣ ਸਮੁੱਚੇ ਸਿੱਖ ਜਗਤ ਤੇ ਪੰਜਾਬ ਦੇ ਲੋਕਾਂ ਸਾਹਮਣੇ ਮਸਲਾ ਪੰਜਾਬ ਦੀ ਰਾਜਨੀਤਕ ਗੁੱਥੀ ਨੂੰ ਸੁਲਝਾਉਣ ਦਾ ਹੈ। ਕੇਂਦਰ ਹਾਕਮਾਂ ਦੀ ਅਸਲ ਨਜ਼ਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੇ ਹੈ ਤੇ ਇਸੇ ਕਾਰਨ ਪੰਜਾਬ ਵਿਚੋਂ ਫੌਜ ਕੱਢਣ ਵਿਚ ਦੇਰੀ ਕੀਤੀ ਗਈ ਹੈ। ਦਸੰਬਰ ਦੇ ਅੰਤਲੇ ਹਫਤੇ ਜਾਂ ਜਨਵਰੀ ਦੇ ਪਹਿਲੇ ਹਫਤੇ ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਲਗਪਗ ਨਿਸਚਤ ਹਨ। ਦੂਜੇ ਪਾਸੇ ਪੰਜਾਬ ਵਿਚ ਸਾਬਕਾ ਜਨਸੰਘੀ ਅਨਸਰ ਭਾਰਤੀ ਜਨਤਾ ਪਾਰਟੀ ਦੇ ਬੁਰਕੇ ਹੇਠ ਅਤੇ ਹਿੰਦੂ ਸੰਘਰਸ਼ ਸੰਮਤੀਆਂ ਦੇ ਰੂਪ ਵਿਚ ਕੰਮ ਕਰ ਰਿਹਾ ਹੈ ਅਤੇ ਨਾਲੋ ਨਾਲ 'ਖਾਲਿਸਤਾਨੀ' ਅਨਸਰ ਵੀ ਉਹੀ ਰੋਲ ਕਰ ਰਿਹਾ ਹੈ ਜਿਸ ਨਾਲ ਕਾਂਗਰਸੀ ਹਾਕਮਾਂ ਦੀਆਂ ਚੜ੍ਹ ਮੱਚੀਆਂ ਹਨ। ਜਿਹੜੇ ਵੱਖਵਾਦੀ ਨਾਅਰੇ ਦੇ ਰਹੇ ਹਨ ਉਹ ਅਸਲ ਵਿਚ ਅਮਰੀਕਨ ਸਾਮਰਾਜ ਅਤੇ ਹਿੰਦੁਸਤਾਨੀ ਸਰਮਾਏਦਾਰੀ ਦਾ ਹੀ ਦੂਜਾ ਰੂਪ ਨਜ਼ਰ ਆਉਂਦੇ ਹਨ। ਜੋ ਕੁਝ ਦਿੱਲੀ ਦੇ ਹਾਕਮ ਚਾਹੁੰਦੇ ਹਨ ਕਿ ਪੰਜਾਬ ਵਿਚ ਹਿੰਦੂ ਅਤੇ ਸਿੱਖਾਂ ਵਿਚਕਾਰ ਪਾੜਾ ਵਧਿਆ ਰਹੇ - ਉਹੀ ਹਿੰਦੂ ਸੰਘਰਸ਼ ਸੰਮਤੀਆਂ ਅਤੇ 'ਖਾਲਿਸਤਾਨੀ' ਚਾਹੁੰਦੇ ਹਨ - ਇਸ ਲਈ ਨਾ ਤਾਂ ਕਾਂਗਰਸੀ ਹਾਕਮਾਂ ਨੂੰ ਇਸ ਵਿਚ ਦਿਲਚਸਪੀ ਹੈ ਕਿ ਪੰਜਾਬ ਦਾ ਮਸਲਾ ਸੁਲਝੇ ਅਤੇ ਨਾ ਹਿੰਦੂ ਫਿਰਕਾਪ੍ਰਸਤੀ ਅਤੇ 'ਖਾਲਿਸਤਾਨੀ' ਅਨਸਰਾਂ ਨੂੰ ਹੈ।

ਪੰਜਾਬੀ ਲੋਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਕਾਂਗਰਸੀ, ਜਨਸੰਗੀ ਤੇ ਖਾਲਿਸਤਾਨੀ ਚਾਲਾਂ ਤੋਂ ਸੁਚੇਤ ਰਹਿਣ ਅਤੇ ਇਨ੍ਹਾਂ ਲੋਕਾਂ ਨੂੰ ਮਜ਼ਬੂਰ ਕਰਨ ਕਿ ਪੰਜਾਬ ਨੂੰ ਵੱਧ ਅਧਿਕਾਰਾਂ ਦੀ ਲੋੜ ਹੈ, ਪਾਣੀ ਦੀ ਲੋੜ ਹੈ, ਬਿਜਲੀ ਚਾਹੀਦੀ ਹੈ, ਆਰਥਿਕਤਾ ਦਾ ਸੰਤੁਲਤ ਸੰਕਲਪ ਚਾਹੀਦਾ ਹੈ। ਲੋਕਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਹਿੰਦੂ ਰਾਜ ਦੇ ਨਾਅਰੇ ਅਤੇ ਖਾਲਿਸਤਾਨੀ ਰਾਜ ਦੇ ਨਾਅਰੇ ਕੁਝ ਨਹੀਂ ਸੁਆਰਨ ਲੱਗੇ - ਲੋੜ ਹੈ ਪੰਜਾਬ ਦੇ ਲੋਕਾਂ ਦੀਆਂ - ਖਾਸਕਰ ਪੰਜਾਬ ਦੀ ਕਿਸਾਨੀ ਅਤੇ ਦਲਿਤ ਲੋਕਾਂ ਦੀਆਂ ਆਰਥਿਕ ਮੰਗਾਂ ਨੂੰ ਪੂਰੀਆਂ ਕਰਨ ਦੀ। ਜੇ ਅੱਜ ਪੰਜਾਬ ਦੇ ਨੌਜਵਾਨ ਤਬਕੇ ਵਿਚ ਅਥਾਹ ਗੁੱਸਾ ਹੈ ਤਾਂ ਉਹ ਇਸ ਲਈ ਨਹੀਂ ਕਿ ਉਹ 'ਖਾਲਿਸਤਾਨ' ਮੰਗਦੇ ਹਨ - ਗੁੱਸਾ ਉਹ ਰਾਜਨੀਤਕ ਭ੍ਰਿਸ਼ਟਾਚਾਰ ਵਿਰੁੱਧ ਹੈ ਜੋ ਉਨ੍ਹਾਂ ਨੂੰ ਨੌਕਰੀਆਂ ਤੋਂ ਵੰਚਿਤ ਕਰ ਰਿਹਾ ਹੈ ਜੋ ਪੰਜਾਬ ਦੇ ਆਮ ਕਿਸਾਨਾਂ ਵਿਚ ਗੁੱਸਾ ਹੈ ਤਾਂ ਉਹ ਇਸ ਲਈ ਨਹੀਂ ਕਿ ਉਨ੍ਹਾਂ ਦੇ ਧਰਮ ਨੂੰ ਖਤਰਾ ਹੈ - ਸਗੋਂ ਇਸ ਲਈ ਹੈ ਕਿ ਮੰਡੀਆਂ ਵਿਚ ਉਨ੍ਹਾਂ ਦੀ ਲੁੱਟ ਹੋ ਰਹੀ ਹੈ, ਲੁੱਟ ਚਾਹੇ ਹਿੰਦੂ ਆੜ੍ਹਤੀਏ ਕਰਦੇ ਹਨ ਜਾਂ ਸਿੱਖ ਆੜ੍ਹਤੀਏ। ਗੁੱਸਾ ਇਸ ਲਈ ਹੈ ਕਿ ਉਹ ਕਰਜ਼ੇ ਥੱਲੇ ਦੱਬ ਰਹੇ ਹਨ ਤੇ ਕਣਕ ਤੇ ਧਾਨ ਦੀਆਂ ਕੀਮਤਾਂ ਨਿਰਧਾਰਤ ਕਰਨ ਸਮੇਂ ਕੇਂਦਰ ਸਰਕਾਰ ਉਨ੍ਹਾਂ ਨਾਲ ਟਿੱਚਰਾਂ ਕਰਦੀ ਹੈ।

ਆਮ ਲੋਕਾਂ ਦੀ ਹਾਲਤ ਸੁਧਾਰਨ ਨਾਲ ਹੀ ਪੰਜਾਬ ਵਿਚੋਂ ਹਿੰਸਾ ਤੇ ਕਤਲੋਗਾਰਤ ਖਤਮ ਹੋ ਸਕਦੀ ਹੈ। ਰੌਲਾ ਹਿੰਦੂ ਜਾਂ ਸਿੱਖ ਦਾ ਨਹੀਂ - ਰੌਲਾ ਚੋਰ ਬਜ਼ਾਰੀ ਤੇ ਕਾਣੀ ਆਰਥਿਕ ਵੰਡ ਦਾ ਹੈ ਜਿਸਨੂੰ ਸੁਲਝਾਏ ਬਿਨਾਂ ਪੰਜਾਬ ਅਮਨ ਦੀ ਆਮ ਵਰਗੀ ਸਥਿਤੀ ਨਹੀਂ ਅਪਣਾ ਸਕਦਾ।

ਬਦੇਸ਼ਾਂ ਵਿਚ ਬੈਠ ਕੇ ਸਾਡੇ ਲਈ ਨਾਅਰੇ ਲਾਉਣੇ ਸੌਖੇ ਹਨ, ਪੰਜਾਬ ਦੇ ਆਰਥਿਕਤਾ ਦੇ ਮਾਰੇ ਲੋਕਾਂ ਨੂੰ ਬਦੇਸ਼ੀਂ ਬੈਠੇ ਲੋਕਾਂ ਦੀ ਖੈਰਾਤ ਦੀ ਲੋੜ ਨਹੀਂ - ਉਨ੍ਹਾਂ ਨੂੰ ਆਪਣੇ ਪੈਰਾਂ ਉਤੇ ਖੜ੍ਹਨ ਲਈ ਸੰਘਰਸ਼ ਦੀ ਲੋੜ ਹੈ। ਇਸ ਲਈ ਰਾਜਸੀ ਤੇ ਆਰਥਿਕ ਮੰਗਾਂ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਦੂਜੀਆਂ ਪਾਰਟੀਆਂ ਨੇ ਇਕ ਹੋ ਕੇ ਕੀਤੀਆਂ ਹਨ, ਉਹ ਮੰਗਾਂ ਮੰਨੇ ਬਿਨਾਂ ਪੰਜਾਬ ਵਿਚ ਅਮਨ ਸਥਾਈ ਰੂਪ ਨਹੀਂ ਧਾਰ ਸਕਦਾ।

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ

# ਬਾਬਾ ਪਾਖਰ ਸਿੰਘ ਢੁੱਡੀਕੇ

16 ਨਵੰਬਰ 1915 ਦੀ ਸਵੇਰ ਦਾ ਵਕਤ ਸੀ ਜਦ ਕਰਤਾਰ ਸਿੰਘ ਤੇ ਉਸ ਦੇ 6 ਸਾਥੀਆਂ ਨੇ ਫਾਂਸੀ ਦੇ ਤਖਤੇ ਤੇ ਖੜੋ ਕਿ ਮਾਤ-ਭੂਮੀ ਨੂੰ ਸੰਦੇਸ਼ ਦਿੰਦੇ ਹੋਏ ਆਖਿਆ ਸੀ:-

"ਐ ਭਾਰਤ ਮਾਤਾ ਅਸੀਂ ਤੇਰੀਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਨਹੀਂ ਸਕੇ ਜੇ ਸਾਡੇ ਵਿੱਚੋਂ ਇੱਕ ਭੀ ਸਾਥੀ ਜਿਉਂਦਾ ਰਿਹਾ ਤਾਂ ਆਖਰੀ ਦਮ ਤੱਕ ਆਪਣੀ ਮਾਤਰ ਭੂਮੀ ਅਤੇ ਜਨਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਦਾ ਰਹੇਗਾ।"

ਆਪਣੇ ਜਰਨੈਲ ਕਰਤਾਰ ਸਿੰਘ ਸਰਾਭਾ ਦੇ ਇਸ ਸੰਦੇਸ਼ ਨੂੰ ਲੈ ਕੇ ਅਨੇਕਾਂ ਦੇਸ਼ ਭਗਤ ਆਪਣੀਆਂ ਜਾਨਾਂ ਤਲੀ ਤੇ ਟਿਕਾ ਕੇ ਮੈਦਾਨੇ ਜੰਗ ਵਿੱਚ ਨਿਕਲ ਪਏ। ਢੁੱਡੀਕੇ ਪਿੰਡ ਦੇ ਬਹੁਤ ਦੇਸ਼ ਭਗਤ ਇਸ ਕਥਨ ਨੂੰ ਪੂਰਾ ਕਰਦੇ ਹੋਏ ਸੁਤੰਤਰਤਾ ਪ੍ਰਾਪਤੀ ਲਈ ਜੂਝਦੇ ਸਨ। ਬਾਬਾ ਪਾਖਰ ਸਿੰਘ ਇਹਨਾਂ ਹੀ ਆਜ਼ਾਦੀ ਸੰਗਰਾਮੀਆਂ ਵਿੱਚੋਂ ਇੱਕ ਸਨ।

ਸੰਨ 1885 ਵਿੱਚ ਪਿੰਡ ਢੁੱਡੀਕੇ ਦੇ ਇੱਕ ਆਮ ਜ਼ਿਮੀਂਦਾਰ ਘਰਾਣੇ ਵਿੱਚ ਜਨਮ ਲਿਆ। ਪਿਤਾ ਦਾ ਨਾਂ ਸ੍ਰ: ਭਾਨ ਸਿੰਘ ਸੀ। ਬਚਪਨ ਵਿੱਚ ਪੰਜਾਬੀ ਦੀ ਪੜ੍ਹਾਈ ਤੋਂ ਬਾਅਦ ਪਿਤਾ ਦੇ ਨਾਲ ਖੇਤੀ ਦੇ ਕੰਮ 'ਚ ਹਿੱਸਾ ਲੈਂਦੇ।

1910-12 ਦਾ ਸਮਾਂ ਸੀ ਜਦ ਪੰਜਾਬ ਵਿੱਚ ਭੁੱਖ-ਦੁੱਖ ਦੀ ਮਾਰੀ ਜਨਤਾ ਕੁਰਲਾ ਰਹੀ ਸੀ। ਇਸੇ ਦੁੱਖ ਦਾ ਕਾਰਨ ਲੋਕ ਧੜਾ ਧੜ, ਬਰਮਾ, ਮਲਾਇਆ ਅਤੇ ਅਮਰੀਕਾ ਆਦਿ ਦੇਸ਼ਾਂ 'ਚ ਜਾ ਰਹੇ ਸਨ। ਪਾਖਰ ਸਿੰਘ ਭੀ 1912 ਦੇ ਨੇੜੇ ਤੇੜੇ ਅਮਰੀਕਾ ਚਲੇ ਗਏ। ਉਥੇ 1913 ਵਿੱਚ 'ਗਦਰ ਪਾਰਟੀ' ਹੋਂਦ ਵਿੱਚ ਆ ਚੁੱਕੀ ਸੀ। ਜੋ 'ਗੁਲਾਮ' ਹਿੰਦੁਸਤਾਨੀਆਂ ਦੇ ਸਾਂਝੇ ਯਤਨਾਂ ਦਾ ਨਤੀਜਾ ਸੀ। ਨਵੰਬਰ 1913 ਨੂੰ ਗਦਰ ਪਾਰਟੀ ਨੇ ਆਪਣੇ ਹੈਡ-ਕੁਆਟਰ 'ਯੁਗਾਂਤਰ ਆਸ਼ਰਮ' ਸਨਫਰਾਂਸਿਸਕੋ ਤੋਂ ਹਫਤੇਵਾਰ ਅਖਬਾਰ 'ਗਦਰ' ਦਾ ਪਹਿਲਾ ਅੰਕ ਕੱਢਿਆ ਉਸ ਦੇ ਪਹਿਲੇ ਸਫੇ ਤੇ ਇਸ ਤਰ੍ਹਾਂ ਲਿਖਿਆ ਹੁੰਦਾ ਸੀ:-

ਜੇ ਤਉ ਪ੍ਰੇਮ ਖੇਲਣ ਕਾ ਚਾਓ,
ਸਿਰ ਧਰ ਤਲੀ ਗਲੀ ਮੇਰੀ ਆਉ।

ਇਸ ਪਰਚੇ ਨੇ ਬਾਹਰ ਵੱਸਦੇ ਹਿੰਦੀਆਂ ਦੇ ਅੰਦਰ ਗੁਲਾਮੀ ਦੇ ਵਿਰੁੱਧ ਰੋਹ ਭਰ ਦਿੱਤਾ। 'ਗਦਰ ਗੂੰਜਾਂ' ਨਾਮਕ ਕਵਿਤਾਵਾਂ ਦਾ ਸੰਗ੍ਰਹਿ ਮੌਕੇ ਮੌਕੇ ਤੇ ਛਪਦਾ ਸੀ। ਨਮੂਨਾ ਦੇਖੋ:-

ਜਿਹੜੀ ਮਾਈ ਦੇ ਪੁੱਤ ਕਪੁੱਤ ਹੋਵਣ,
ਧੱਕੇ ਠੋਕਰਾਂ ਦਰ ਦਰ ਖਾਂਵਦੀਏ।
ਤਾਹਨੇ ਮਾਰਦਾ ਕੁਲ ਜਹਾਨ ਸਾਨੂੰ,
ਹਿੰਦ ਮਾਤਾ ਹੁਣ ਬਹੁਤ ਸ਼ਰਮਾਂਵੀਏ।
ਅਣਖ ਹੀਣ ਔਲਾਦ ਤੇ ਤਾਣ ਕੋਈ ਨਹੀਂ,
ਧੱਕੇ ਠੋਕਰਾਂ ਦਰ ਦਰ ਖਾਂਵਦੀ ਏ।

ਇਸੇ ਤਰ੍ਹਾਂ ਦੀਆਂ ਹੋਰ ਜੋਸ਼ੀਲੀਆਂ ਕਵਿਤਾਵਾਂ ਲਿਖੀਆਂ ਜਾਂਦੀਆਂ ਸਨ, ਪਰ ਥੋੜ੍ਹੇ ਚਿਰ ਬਾਅਦ ਪਾਖਰ ਸਿੰਘ ਜੀ ਕਨੇਡਾ ਚਲੇ ਗਏ। ਉਥੇ ਭੀ ਗਦਰ ਅਖਬਾਰ ਪੁੱਜਦੀ ਸੀ। 1914 ਵਿੱਚ ਬਾਹਰ ਰਹਿੰਦੇ ਭਾਰਤੀਆਂ ਨੇ ਵਾਪਸ ਮੁੜਨਾ ਸ਼ੁਰੂ ਕਰ ਦਿੱਤਾ। ਬਾਬਾ ਜੀ ਭੀ ਵਾਪਸ ਭਾਰਤ ਆ ਗਏ। ਰਾਹ ਵਿੱਚ ਭਗਵਾਨ ਸਿੰਘ ਪ੍ਰਸਿੱਧ ਗਦਰੀ ਨਾਲ ਵਿਚਾਰ ਵਟਾਂਦਰਾ ਕੀਤਾ।

ਪਿੰਡ ਆ ਕੇ ਬਾਬਾ ਜੀ ਨੇ ਇੱਥੋਂ (ਢੁੱਡੀਕੇ) ਦੇ ਪ੍ਰਸਿੱਧ ਗਦਰੀਆ ਸ਼ਹੀਦ ਈਸ਼ਰ ਸਿੰਘ ਆਦਿ ਨਾਲ ਸੰਪਰਕ ਕਾਇਮ ਕੀਤਾ। ਬਾਬਾ ਈਸ਼ਰ ਸਿੰਘ ਹੋਰਾਂ ਦੇ ਖੂਹ ਤੇ ਮੀਟਿੰਗ ਹੋਈ ਜਿਸ ਵਿੱਚ ਕਪੂਰਥਲੇ ਦੇ ਅਸਲੇਖਾਨੇ ਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ। ਕਿਉਂਕਿ ਗਦਰੀਆਂ ਪਾਸ ਹਥਿਆਰਾਂ ਦੀ ਥੁੜ੍ਹ ਸੀ। ਪੰਜ ਤਰੀਕ ਨੂੰ ਕਪੂਰਥਲੇ ਇਕੱਠ ਹੋਇਆ। ਕੋਈ 200 ਆਦਮੀ ਆਇਆ ਪਰ ਹਥਿਆਰਾਂ ਦੀ ਥੁੜ੍ਹ ਕਾਰਨ ਤਰੀਕ ਬਦਲ ਕੇ 12 ਜੂਨ ਕਰਨੀ ਪਈ। ਪਰ ਪਾਖਰ ਸਿੰਘ ਜੀ ਇਸ ਮੀਟਿੰਗ ਵਿੱਚ ਬੀਮਾਰੀ ਕਾਰਨ ਨਾ ਜਾ ਸਕੇ। ਜਦ 11 ਜੂਨ ਦੀ ਰਾਤ ਨੂੰ ਵੱਲੇ ਪੁਲ ਤੇ ਹਮਲਾ ਕਰਨ ਦੀ ਵਿਉਂਤ ਬਣੀ। ਰੂੜ ਸਿੰਘ, ਰੋਡਾ ਸਿੰਘ, ਸ੍ਰੀ ਬਲਵੰਤ ਸਿੰਘ ਸੰਗਵਾਲ, ਬਚਨ ਸਿੰਘ ਢੁੱਡੀਕੇ (ਵਾਅਦਾ ਮੁਆਫ) ਆਦਿ ਨੇ ਹਮਲਾ ਕੀਤਾ। ਹਮਲਾ ਉਸ ਵਕਤ ਕੀਤਾ ਗਿਆ ਜਦ ਕਿ ਇੱਕ ਮਾਲ ਗੱਡੀ ਲੰਘ ਰਹੀ ਸੀ ਤਾਂ ਕਿ ਸਿਪਾਹੀਆਂ ਦੀਆਂ ਚੀਕਾਂ ਨਾ ਸੁਣਨ। ਰੂੜ ਸਿੰਘ ਕੱਪੜਿਆਂ ਦੀ ਰਾਖੀ ਬੈਠੇ ਸਨ। ਇੱਕ ਸੰਤਰੀ ਮਾਰਿਆ ਗਿਆ ਇੱਕ ਸਿਪਾਹੀ ਸਖਤ ਜ਼ਖਮੀਂ ਹੋ ਗਿਆ।

ਡਾ: ਗੁਰਦੇਵ ਸਿੰਘ ਦਿਉਲ ਆਪਣੀ ਪੁਸਤਕ The Role of Gadar Party in the National Movement ਦੇ ਪੰਨਾ 130 ਤੇ ਲਿਖਦੇ ਹਨ:-

11 Jnue 1915, a gang of eight Roda Singh, Balwant Singh Sangwal, Bachan Singh Dhudeke, and other attacked, a miltary guard on walla Canal Bridge two miles from Amritsar ---The sentary was shot dead, One sepoy was severly wounded with an axe and three received light injuries. the body of the Naik incharge of the guard was afterwards found in the Canal bearing three bullet wounds. The Gadaries took six rifles, seven Beyonets, 240 rounds.

ਇਸ ਤੋਂ ਬਾਅਦ ਕਪੂਰਥਲੇ ਦੀ ਪੁਲਿਸ ਚੁਕੰਨੀ ਹੋ ਗਈ। 12 ਜੂਨ ਦੇ ਹਮਲੇ ਦੀ ਤਿਆਰੀ ਅਸਫਲ ਹੋ ਗਈ। ਸਾਰੇ ਗਦਰੀ ਵਾਪਸ ਆ ਗਏ। ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਬਾਬਾ ਜੀ ਨੂੰ ਵੀ ਫੜ ਲਿਆ ਗਿਆ। 30 ਮਾਰਚ 1916 ਨੂੰ ਤਿੰਨ ਜੱਜਾਂ ਦੀ ਸਪੈਸ਼ਲ ਕੋਰਟ ਵੱਲੋਂ ਆਪ ਨੂੰ ਧਾਰਾਵਾਂ 121, 121 A, 132, 131, 122/109, 111, 124 A/109 ਦੇ ਅਧੀਨ ਉਮਰ ਕੈਦ ਤੇ ਜ਼ਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ।

ਆਪ ਨੂੰ ਲਾਹੌਰ ਜੇਲ੍ਹ ਵਿੱਚ ਭੇਜਿਆ ਗਿਆ। ਉਸ ਤੋਂ ਬਾਅਦ ਮਿੰਟਗੁਮਰੀ ਤੇ ਫੇਰ ਹਜ਼ਾਰੀ ਬਾਗ ਜੇਲ੍ਹ ਵਿੱਚ ਭੇਜਿਆ ਗਿਆ। ਰਾਹ ਵਿੱਚ ਇਹਨਾਂ ਨੂੰ ਬਹੁਤ ਤੰਗ ਕੀਤਾ ਗਿਆ। ਇੱਥੋਂ ਤੱਕ ਕਿ ਸੌਚ ਆਦਿ ਕਰਨ ਲਈ ਭੀ ਗੱਡੀ ਖੜ੍ਹਨ ਨਾ ਦਿੱਤੀ। ਹਜ਼ਾਰੀ ਬਾਗ ਜੇਲ੍ਹ ਵਿੱਚੋਂ ਇਹਨਾਂ ਨੇ ਨੱਠਣ ਦੀ ਸਕੀਮ ਬਣਾਈ ਜੋ ਕਿ ਇਸ ਤਰ੍ਹਾਂ ਹੈ:-

ਸ: ਰਣਧੀਰ ਸਿੰਘ ਅਤੇ ਹੋਰ ਸਾਥੀ ਉੱਚੀ ਉੱਚੀ ਬਾਣੀ ਪੜ੍ਹਨ ਲੱਗ ਗਏ। ਸੁੱਚਾ ਸਿੰਘ ਪਿੰਡ ਦੋਹਲਾ ਨੰਗਲ ਤੇ ਨੱਥਾ ਸਿੰਘ ਧੁਨ ਨੇ ਆਪਣੀਆਂ ਕੋਠੜੀਆਂ ਵਿੱਚ ਪਾੜ੍ਹ ਲਾਇਆ ਤੇ ਬਾਹਰ ਨਿਕਲ ਆਏ। ਬਾਹਰ ਨਿਕਲ ਕੇ ਲੁੱਕ ਕੇ ਖੜ ਗਏ। ਗੰਡਾ ਸਿੰਘ ਖਾਪੜ ਖੇੜੀ ਪਿੰਡ ਵਾਲੇ ਨਾਲ ਸਲਾਹ ਕਰਕੇ ਪਹਿਰੇ ਵਾਲਾ ਫੜ ਲਿਆ। ਉਹ ਰੌਲਾ ਪਾਉਣ ਲੱਗਾ ਤਾਂ ਖਾਲਸੇ ਨੇ ਮੂੰਹ ਵਿੱਚ ਬਜਰੀ ਪਾ ਦਿੱਤੀ। ਕੁੱਛ ਚਿਰ ਬਾਅਦ ਹੈਂਡ ਵਾਰਡਰ ਆਇਆ ਤਾਂ ਇਹਨਾਂ ਨੇ ਉਸ ਨੂੰ ਭੀ ਫੜ ਲਿਆ ਤੇ ਜਦ ਇਸ ਤੋਂ ਚਾਬੀਆਂ ਖੋਹਣ ਲੱਗੇ ਤਾਂ ਉਸ ਖਿਡਾਂ ਦਿੱਤੀਆਂ। ਭਾਈ ਰਣਧੀਰ ਸਿੰਘ ਦੀ ਕੋਠੜੀ ਦੀ ਕੁੰਜੀ ਨਾ ਮਿਲੀ ਪਰ ਬਾਕੀ 17 ਜਣੇ ਬਾਹਰ ਕੱਢ ਲਏ। ਇੰਨੇ ਚਿਰ ਨੂੰ ਜੇਲ੍ਹ ਦਾ ਅਲਾਰਮ ਵੱਜਣ ਲੱਗ ਪਿਆ। ਗਾਰਦ ਇਕੱਠੀ ਹੋ ਗਈ। ਸਿੰਘਾਂ ਨੇ ਡਰਾਉਣ ਦੇ ਮਾਰਿਆਂ ਸੀਖ ਜਲਾ ਕੇ ਇੱਕ ਜਿੰਦਰਾ ਗਾਰਦ ਦੇ ਵਗਾਹ ਮਾਰਿਆ, ਸਾਰੀ ਗਾਰਦ 'ਬੰਬ ਫੈਂਕਾ' ਕਹਿੰਦੀ ਦੌੜ ਗਈ। ਬੱਸ ਫਿਰ ਕੀ ਖਾਲਸਾ ਕੰਧ ਤੇ ਚੜ੍ਹ ਕੇ ਬੈਠ ਗਿਆ। ਇਸ ਦ੍ਰਿਸ਼ ਨੂੰ ਬਿਆਨਦੇ ਹੋਏ ਬਾਬਾ ਸੱਜਣ ਸਿੰਘ ਨਾਰੰਗਵਾਲ ਜੀ ਇਉਂ ਲਿਖਦੇ ਹਨ:-

ਭੱਜ ਗਈਆਂ ਸਭ ਗਾਰਦਾਂ ਖਾਲੀ ਪਿਆ ਮੈਦਾਨ।
ਸਮਾਂ ਮਿਲਿਆ ਸਿੰਘਾਂ ਨੂੰ ਹੁਣ ਅੱਗੇ ਸੁਣੋ ਬਿਆਨ।
ਕੰਧ ਕੋਟ ਅਠਾਰਾਂ ਫੁੱਟ ਉੱਚਾ ਦੋ ਤੇ ਦੋ ਚੜ੍ਹ ਗਏ ਦੋ।
ਪੰਜਵਾਂ ਉੱਤੇ ਜਾ ਚੌਹਾਂ ਦੇ ਉਪਰ ਗਿਆ ਖੜੋ।
ਪੰਜ ਲੰਮੇ ਲੰਮੇ ਬੰਦੇ ਇਕ ਉਪਰ ਜਾ ਚੜ੍ਹਿਆ।
ਕੰਧ ਕੋਟ ਦੇ ਉਪਰ ਬਹਿ ਕੇ ਉਸ ਨੇ ਕੰਬਲ ਫੜਿਆ।
ਇਕ ਨੇ ਦੂਜਾ, ਦੂਜੇ ਤੀਜਾ ਖਿਚ ਲਏ ਉਪਰ ਸਾਰੇ।
ਬੈਠੇ ਸ਼ੇਰ ਕੋਟ ਦੇ ਉਤੇ ਚੜ੍ਹ ਗਏ ਗੁਰੂ ਸਹਾਰੇ।

ਉਧਰ ਦੂਸਰੇ ਪਾਸੇ ਕੋਟ (ਕੰਧ) ਦੇ ਗਾਰਦ ਆ ਗਈ। ਸਭ ਤੋਂ ਪਹਿਲਾਂ ਇੰਦਰ ਸਿੰਘ ਪਿੰਡ ਸ਼ੇਖ ਦੌਲਤ ਨੇ ਛਾਲ ਮਾਰੀ। ਸਾਰੀ ਗਾਰਦ ਉਸ ਨੂੰ ਚਿੰਬੜ ਗਈ। ਇਸ ਤੇ ਸਾਰਿਆਂ ਨੇ ਝੱਟ ਪੱਟ ਛਾਲਾਂ ਮਾਰੀਆਂ। ਖਾਲਸੇ ਨੇ ਲਾਠੀਆਂ ਖੋਹ ਖੋਹ ਕੇ ਪੁਲਿਸ ਦੇ ਛੱਕੇ ਛੁੜਾ ਦਿੱਤੇ ਅਤੇ ਖਾਲਸਾ ਹਰਨ ਹੋ ਗਿਆ। ਪਰ ਕਈਆਂ ਦੇ ਗਿੱਟੇ ਗੋਡੇ ਟੁੱਟ ਗਏ। ਬਾਬਾ ਪਾਖਰ ਸਿੰਘ ਦੇ ਵੀ ਗਿੱਟੇ ਟੁੱਟ ਗਏ। ਇਨ੍ਹਾਂ ਪੰਜਾਂ ਜਣਿਆਂ ਨੂੰ ਪਿੱਛੇ ਛੱਡਣਾ ਪਿਆ ਕਿਉਂਕਿ ਉਹ ਸੱਟਾਂ ਕਾਰਨ ਚੱਲ ਨਹੀਂ ਸਕਦੇ ਸਨ। ਪਾਖਰ ਸਿੰਘ ਢੁੱਡੀਕੇ, ਲਾਲ ਸਿੰਘ ਨਾਰੰਗਵਾਲ, ਸੁੰਦਰ ਸਿੰਘ ਦੋਲ੍ਹ ਨੰਗਲ, ਹਰਨਾਮ ਸਿੰਘ ਕਾਲਾ ਸੰਘਿਆ, ਕੇਸਰ ਸਿੰਘ ਤੇ ਸੁਰ ਸਿੰਘ ਦਿਨ ਚੜ੍ਹੇ ਫੜੇ ਗਏ।

ਇਹਨਾਂ ਦੀ ਫੜੇ ਸਜ਼ਾ ਹੋਰ ਵੱਧ ਗਈ। ਅਖੀਰ 1940 ਵਿੱਚ ਜੇਲ੍ਹ ਤੋਂ ਬਾਹਰ ਆ ਗਏ। ਪਿੰਡ ਆ ਕੇ ਜਾਇਦਾਦ ਜ਼ਬਤ ਦਾ ਮੁਕੱਦਮਾ ਕੀਤਾ। ਅਖੀਰ ਬਹਾਦਰਾਂ ਵਰਗਾ ਜੀਵਨ ਬਿਤਾਉਂਦੇ ਹੋਏ ਮਾਰਚ 1968 ਵਿੱਚ 90 ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ।

ਬਾਬਾ ਜੀ ਦੀ ਜ਼ਿਦਗੀ ਤੇ ਇਹ ਸ਼ੇਅਰ ਕਿੰਨਾ ਠੀਕ ਢੁੱਕਦਾ ਹੈ:-

ਤਮਾਮ ਉਮਰ ਕਟੀ ਏਕ ਹੀ ਕਰੀਨੇ ਪਰ।
ਗਿਰਾਇਆ ਆਪਣਾ ਲਹੂ ਕੌਮ ਦੇ ਪਸੀਨੇ ਪਰ।

**ਨੋਟ** - ਅੱਜ ਕਲ ਆਪ ਜੀ ਦੇ ਪੁੱਤਰ ਸ੍ਰ: ਨਿਰੰਜਨ ਸਿੰਘ ਜੀ ਕਨੇਡਾ ਵਿਖੇ (ਅਲਬਰਟਾ) ਇੱਕ ਸਕੂਲ ਵਿੱਚ ਟੀਚਰ ਹਨ। ਉਹਨਾਂ ਨੂੰ ਭੀ ਆਪਣੇ ਪਿਤਾ ਜੀ ਵਾਂਗ ਦੇਸ਼ ਭਗਤੀ ਦਾ ਸ਼ੌਕ ਹੈ। ਆਪ ਨੇ ਲਾਜਪਤ ਰਾਏ ਸੈਂਟਨਰੀ ਕਾਲਿਜ ਲਈ 12 ਹਜ਼ਾਰ ਦੀਆਂ ਪੁਸਤਕਾਂ ਭੇਜੀਆਂ ਹਨ। ਉਹਨਾਂ ਨੇ ਬਾਬਾ ਜੀ ਦੀ ਯਾਦ ਵਿੱਚ ਕਾਲਿਜ ਵਿੱਚ ਇੱਕ ਕਮਰਾ ਬਣਵਾਇਆ ਹੈ।

# ਪਾਕਿਸਤਾਨ ਨਾਲ ਜੰਗ ਦੀ ਕੋਈ ਸੰਭਾਵਨਾ ਨਹੀਂ — ਭਾਰਤੀ ਰਾਜਦੂਤ

ਇਸਲਾਮਾਬਾਦ — ਪਾਕਿਸਤਾਨ ਵਿਚ ਭਾਰਤੀ ਰਾਜਦੂਤ ਸ੍ਰੀ ਕੇ. ਡੀ. ਸ਼ਰਮਾ ਨੇ ਇਥੇ ਕਿਹਾ ਕਿ ਭਾਰਤ ਸਰਕਾਰ ਅਤੇ ਪਾਕਿਸਤਾਨ ਵਿਚਕਾਰ ਮਤਭੇਦ ਜ਼ਰੂਰ ਹਨ ਪਰ ਦੋਹਾਂ ਮੁਲਕਾਂ ਵਿਚ ਜੰਗ ਦੀ ਅਜੇ ਕੋਈ ਸੰਭਾਵਨਾ ਨਹੀਂ। ਇਹ ਗੱਲ ਉਨ੍ਹਾਂ ਇਕ ਉਰਦੂ ਅਖਬਾਰ ਨਾਲ ਇੰਟਰਵੀਊ ਸਮੇਂ ਕਹੀ।

ਭਾਰਤੀ ਰਾਜਦੂਤ ਨੇ ਕਿਹਾ ਕਿ ਪ੍ਰਸਪਰ ਬੇਭਰੋਸਗੀ ਅਤੇ ਸ਼ੱਕ ਕਾਰਨ ਦੋਹਾਂ ਮੁਲਕਾਂ ਦੇ ਸਬੰਧ ਬਹੁਤੇ ਖੁਸ਼ਗਵਾਰ ਨਹੀਂ ਪਰ ਫਿਰ ਵੀ ਲੜਾਈ ਕਿਸੇ ਮਸਲੇ ਦੇ ਹੱਲ ਨਹੀਂ।

ਸ੍ਰੀ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਪਾਕਿਸਤਾਨ ਦੇ ਰੇਡੀਓ ਅਤੇ ਟੀ. ਵੀ. ਪ੍ਰਾਪੇਗੰਡੇ ਬਾਰੇ ਆਪਣੀ ਨਰਾਜ਼ਗੀ ਦਾ ਇਜ਼ਹਾਰ ਕਰ ਚੁਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਖਬਰਾਂ ਪਾਕਿਸਤਾਨੀ ਰੇਡੀਓ ਅਤੇ ਟੀ. ਵੀ. ਨੇ ਬਹੁਤ ਵਧਾ ਚੜ੍ਹਾ ਕੇ ਪੇਸ਼ ਕੀਤੀਆਂ ਹਨ ਅਤੇ ਕੁਝ 'ਲੀਡਰਾਂ' ਨੂੰ ਬਹੁਤ ਵਧਾ ਚੜ੍ਹਾ ਕੇ ਪਬਲਿਸਟੀ ਦਿਤੀ ਗਈ ਹੈ।

ਸ੍ਰੀ ਸ਼ਰਮਾ ਨੇ ਕਿਹਾ ਕਿ ਪੱਛਮੀ ਪਰੈਸ ਵਿਚ ਪਾਕਿਸਤਾਨ ਦੀ ਪ੍ਰਮਾਣੂ ਤਾਕਤ ਬਾਰੇ ਕਾਫੀ ਚਰਚਾ ਚਲ ਰਹੀ ਹੈ ਤੇ ਕੁਦਰਤੀ ਤੌਰ ਤੇ ਭਾਰਤ ਪਾਕਿਸਤਾਨ ਦੇ ਪ੍ਰਮਾਣੂ ਸ਼ਕਤੀ ਬਣਨ ਉਤੇ ਕਾਫੀ ਚਿੰਤਾਤੁਰ ਹੈ।

# ਬੰਗਲਾ ਦੇਸ਼ ਵਿਚ ਚੋਣਾਂ 8 ਦਸੰਬਰ ਨੂੰ

ਢਾਕਾ — ਬੰਗਲਾ ਦੇਸ਼ ਦੇ 300 ਪਾਰਲੀਮੈਂਟਰੀ ਹਲਕਿਆਂ ਵਿਚ ਨਾਮਜ਼ਦਗੀ ਪੇਪਰ 1 ਨਵੰਬਰ ਤੱਕ ਭਰੇ ਜਾਣਗੇ ਤੇ ਚੋਣ 8 ਦਸੰਬਰ ਨੂੰ ਹੋਵੇਗੀ। ਆਸ ਕੀਤੀ ਜਾਂਦੀ ਹੈ ਕਿ ਤਿੰਨ ਸਾਲ ਤੋਂ ਲਾਗੂ ਮਾਰਸ਼ਲ ਲਾਅ ਖਤਮ ਕਰ ਦਿਤਾ ਜਾਵੇਗਾ।

ਇਕ ਦੋਸਤ—ਕਿਉਂ ਬਈ ਫਿਕਰਮੰਦ ਕਿਉਂ ਹੈਂ?

ਦੂਜਾ ਦੋਸਤ—ਅਜ ਇਕ ਜੋਤਸ਼ੀ ਨੇ ਮੈਨੂੰ ਦਸਿਆ ਕਿ ਛੇਤੀ ਹੀ ਮੇਰੇ ਘਰ ਵਿਚ ਬਹੁਤ ਪੈਸਾ ਆਉਣ ਵਾਲਾ ਹੈ।

ਪਹਿਲਾ—ਤਾਂ ਇਸ ਵਿਚ ਫਿਕਰ ਦੀ ਕੀ ਗੱਲ ਹੈ, ਖੁਸ਼ ਹੋ।

ਦੂਜਾ—ਪਰ ਮੈਂ ਤਾਂ ਨਾ ਲਾਟਰੀ ਦਾ ਟਿਕਟ ਖਰੀਦਿਆ ਹੈ, ਨਾ ਸੱਟਾ ਲਗਾਇਆ ਹੈ। ਕੁਝ ਦਿਨ ਪਹਿਲੇ ਇਕ ਲਖ ਦਾ ਬੀਮਾ ਜ਼ਰੂਰ ਕਰਵਾਇਆ ਹੈ।

# ਭਾਰਤ ਦਰਪਣ

## ਅਮਰੀਕਾ ਦੀ ਸ਼ਹਿ ਤੇ ਪਾਕਿਸਤਾਨ ਤੇ ਬੰਗਲਾ ਦੇਸ਼ ਭੰਨ ਤੋੜ ਦੀਆਂ ਕਾਰਵਾਈਆਂ ਵਿਚ ਹਿਸਾ ਲੈ ਰਹੇ ਹਨ - ਗ੍ਰਹਿ ਸਕੱਤਰ

ਸ੍ਰੀਨਗਰ — ਕੇਂਦਰ ਸਰਕਾਰ ਦੇ ਗ੍ਰਹਿ ਸਕੱਤਰ ਸ੍ਰੀ ਐਮ. ਕੇ. ਵਲੀ ਨੇ ਇਥੇ ਪੀ. ਟੀ. ਆਈ. ਅਤੇ ਯੂ. ਐਨ. ਆਈ. ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਕੇਂਦਰ ਸਰਕਾਰ ਕੋਲ ਇਸ ਗੱਲ ਦੇ ਠੋਸ ਸਬੂਤ ਹਨ ਕਿ ਪਾਕਿਸਤਾਨ ਅਤਿਵਾਦੀ ਕਾਰਵਾਈਆਂ ਵਿਚ ਮੱਦਦ ਕਰ ਰਿਹਾ ਹੈ ਅਤੇ ਤ੍ਰੀਪੁਰਾ ਵਿਚ ਭੰਨ ਤੋੜ ਦੀਆਂ ਕਾਰਵਾਈਆਂ ਬੰਗਲਾ ਦੇਸ਼ ਵਿਚੋਂ ਕਰਵਾਈਆਂ ਜਾ ਰਹੀਆਂ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਵਲੀ ਨੇ ਕਿਹਾ ਕਿ ਠੋਸ ਸਬੂਤਾਂ ਦੇ ਆਧਾਰ ਤੇ ਹੁਣ ਪੱਕੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤ-ਪਾਕਿ ਦੇ ਸਰਹੱਦੀ ਇਲਾਕਿਆਂ ਵਿਚ ਟਰੇਨਿੰਗ ਕੈਂਪ ਲਾਏ ਗਏ ਹਨ ਅਤੇ ਇਹ ਕੈਂਪ ਪੰਜਾਬ ਅਤੇ ਰਾਜਸਥਾਨ ਦੇ ਨਾਲ ਲਗਦੇ ਇਲਾਕਿਆਂ ਵਿਚ ਹਨ।

ਸ੍ਰੀ ਵਲੀ ਨੇ ਇਹ ਦੋਸ਼ ਮੁੜ ਦੁਹਰਾਇਆ ਕਿ ਕੁਝ ਅਨਸਰ ਹਿੰਦ ਤੇ ਪਾਕਿ ਸਰਹੱਦ ਤੇ ਭੰਨ ਤੋੜ ਦੀਆਂ ਕਾਰਵਾਈਆਂ ਕਰ ਰਹੇ ਹਨ। ਜਿਥੇ ਗੁਰਦਾਸਪੁਰ ਤੇ ਫੀਰੋਜ਼ਪੁਰ ਸਰਹੱਦ ਦੇ ਲਾਗੇ ਇਹ ਕਾਰਵਾਈਆਂ ਹੋ ਰਹੀਆਂ ਹਨ ਉਥੇ ਕਸ਼ਮੀਰ ਵਿਚ ਪੁਣਛ ਦੇ ਇਲਾਕੇ ਵਿਚ ਵੀ ਇਨ੍ਹਾਂ ਕਾਰਵਾਈਆਂ ਦਾ ਜ਼ੋਰ ਹੈ।

ਸ੍ਰੀ ਵਲੀ ਨੇ ਕਿਹਾ ਕਿ ਬੰਗਲਾ ਦੇਸ਼ ਦੀ ਸਰਕਾਰ ਨੂੰ ਵੀ ਚਿਤਾਵਨੀ ਦੇ ਦਿਤੀ ਗਈ ਹੈ ਕਿ ਤ੍ਰੀਪੁਰਾ ਵਿਚ ਕਤਲ ਤੇ ਭੰਨ ਤੋੜ ਦੀਆਂ ਕਾਰਵਾਈਆਂ ਦੇ ਅੱਡੇ ਬੰਗਲਾ ਦੇਸ਼ ਵਿਚੋਂ ਖਤਮ ਕਰ ਦਿਤੇ ਜਾਣ।

ਇਹ ਪੁਛੇ ਜਾਣ ਤੇ ਕਿ ਚੀਨ ਦਾ ਇਸ ਟਰੇਨਿੰਗ ਵਿਚ ਵੀ ਕੋਈ ਰੋਲ ਹੈ ਤਾਂ ਸ੍ਰੀ ਵਲੀ ਨੇ ਕਿਹਾ ਕਿ ਅਜੇ ਤੱਕ ਚੀਨ ਦਾ ਅਜਿਹੀ ਕਿਸੇ ਕਾਰਵਾਈ ਵਿਚ ਹੱਥ ਸਾਬਤ ਨਹੀਂ ਹੋ ਸਕਿਆ।

ਸ੍ਰੀ ਵਲੀ ਨੇ ਕਿਹਾ ਕਿ ਪੰਜਾਬ ਵਿਚ 480 ਦੇ ਕਰੀਬ ਅਜਿਹੇ ਵਿਅਕਤੀ ਅਜੇ ਵੀ ਮੌਜੂਦ ਹਨ ਜੋ ਭੰਨ ਤੋੜ ਦੀਆਂ ਕਾਰਵਾਈਆਂ ਵਿਚ ਹਿਸਾ ਲੈ ਰਹੇ ਹਨ

## ਮੋਗਾ ਨੇੜੇ ਬੱਸ ਹਾਦਸੇ ਕਾਰਨ ਤਿੰਨ ਵਿਅਕਤੀ ਹਲਾਕ

ਮੋਗਾ :— ਮੋਗਾ ਨੇੜੇ ਰਾਜੇਆਣਾ ਪਿੰਡ ਦੇ ਬੱਸ ਅੱਡੇ ਤੇ ਪੰਜਾਬ ਰੋਡਵੇਜ਼ ਦੇ ਬੱਸ ਹਾਦਸੇ ਕਾਰਨ ਤਿੰਨ ਵਿਅਕਤੀ ਮਾਰੇ ਗਏ ਹਨ ਅਤੇ ਦੋ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ।

ਰਾਜੇਆਣਾ ਗੌਰਮਿੰਟ ਹਾਈ ਸਕੂਲ ਦੇ ਹੈਡਮਾਸਟਰ ਸ: ਬਲਵੰਤ ਸਿੰਘ, ਸਰੀਰਕ ਸਿਖਿਆ ਦੇ ਟੀਚਰ ਤਾਰਾ ਚੰਦ ਅਤੇ ਇਕ ਦੇਵ ਸਿੰਘ ਨਾਂ ਦਾ ਵਿਅਕਤੀ ਮੌਕੇ ਤੇ ਹੀ ਮਾਰੇ ਗਏ।

ਜ਼ਖਮੀ ਹੋਣ ਵਾਲੀਆਂ ਔਰਤਾਂ ਵਿਚ ਲੇਡੀ ਟੀਚਰ ਸ੍ਰੀਮਤੀ ਹਰਿੰਦਰ ਕੌਰ ਅਤੇ ਅਮਰਜੀਤ ਕੌਰ ਸਨ।

ਬੱਸ ਜਲੰਧਰ ਤੋਂ ਅਬੋਹਰ ਜਾ ਰਹੀ ਸੀ। ਬੱਸ ਡਰਾਈਵਰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸਦਾ ਨਾਂ ਕੁਲਵੰਤ ਸਿੰਘ ਦੱਸਿਆ ਗਿਆ ਹੈ।

## ਚੈਕੋਸਲਾਵੀਆ ਦੇ ਕਵੀ ਨੂੰ ਨੋਬਲ ਇਨਾਮ

ਸਟਾਕਹੋਮ — ਚੈਕੋਸਲਵਾਕੀਆ ਦੇ ਸ਼ਾਇਰ ਜੈਰੋਸਲਾਵ ਸੀਫਰਟ ਨੂੰ 1984 ਦਾ ਸਾਹਿਤ ਦਾ ਇਨਾਮ ਮਿਲਿਆ ਹੈ। ਉਨ੍ਹਾਂ ਦੀ ਉਮਰ ਇਸ ਵੇਲੇ 83 ਸਾਲ ਦੀ ਹੈ ਅਤੇ ਉਹ ਚੈਕੋਸਲਵਾਕੀਆ ਦੇ ਪਹਿਲੇ ਸ਼ਹਿਰੀ ਹਨ, ਜਿਨ੍ਹਾਂ ਨੂੰ ਇਹ ਇਨਾਮ ਮਿਲਿਆ ਹੈ।

## 'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰੋ

## ਕੇਂਦਰੀ ਰੇਲਵੇ ਮੰਤਰੀ ਦੀ ਕਾਰ ਤੇ ਬੰਬ ਸੁਟਿਆ ਗਿਆ

ਕਲਕੱਤਾ — ਮਾਲਦਾ ਜ਼ਿਲੇ ਵਿਚ ਕੇਂਦਰੀ ਰੇਲਵੇ ਮੰਤਰੀ ਗ਼ਨੀ ਖਾਨ ਚੌਧਰੀ ਦੀ ਕਾਰ ਤੇ ਬੰਬ ਸੁਟੇ ਜਾਣ ਦੀ ਖਬਰ ਹੈ ਪਰ ਕਿਸੇ ਕਿਸਮ ਦਾ ਜਾਨੀ ਨੁਕਸਾਨ ਨਹੀਂ ਹੋਇਆ।

ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸ੍ਰੀ ਚੌਧਰੀ ਮਾਲਦਾ ਸ਼ਹਿਰ ਵਿਚ ਆਪਣੇ ਘਰ ਵਾਪਸ ਆ ਰਹੇ ਸਨ। ਰੇਲਵੇ ਸੁਰੱਖਿਆ ਸੈਨਾ ਵਲੋਂ ਇਕ ਵਿਅਕਤੀ ਗ੍ਰਿਫਤਾਰ ਕੀਤਾ ਗਿਆ ਤੇ ਉਸ ਤੋਂ ਪੁਛਗਿਛ ਪਿਛੋਂ ਦੋ ਹੋਰ ਗ੍ਰਿਫਤਾਰੀਆਂ ਕੀਤੀਆਂ ਗਈਆਂ।

## ਜਾਖੜ ਕਾਮਨਵੈਲਥ ਪਾਰਲੀਮੈਂਟਰੀ ਕਮੇਟੀ ਦੇ ਚੇਅਰਮੈਨ ਚੁਣੇ ਗਏ

ਲੰਡਨ — ਭਾਰਤ ਦੀ ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਇਥੇ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਦੇ ਤਿੰਨ ਸਾਲ ਲਈ ਚੇਅਰਮੈਨ ਚੁਣੇ ਗਏ।

ਸ੍ਰੀ ਜਾਖੜ ਪਹਿਲੇ ਭਾਰਤੀ ਹਨ ਜਿਨ੍ਹਾਂ ਨੂੰ ਇਸ ਅਹੁਦੇ ਲਈ ਚੁਣਿਆ ਗਿਆ। ਉਨ੍ਹਾਂ ਦਾ ਮੁਕਾਬਲਾ ਤਨਜ਼ਾਨੀਆ ਦੇ ਜੇ. ਐਸ. ਮਾਲੇਸੇਲਾ ਨਾਲ ਸੀ। ਭਾਰਤੀ ਸਪੀਕਰ ਵੱਧ ਵੋਟਾਂ ਦੇ ਆਧਾਰ ਤੇ ਚੇਅਰਮੈਨ ਚੁਣੇ ਗਏ।

## ਪ੍ਰਧਾਨ ਮੰਤਰੀ ਸ਼ਾਇਦ ਚੋਣਾਂ ਅੱਗੇ ਪਾ ਦੇਵੇ — ਚੰਦਰ ਸ਼ੇਖਰ

ਆਗਰਾ — ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਇਥੇ ਕਿਹਾ ਕਿ ਤਾਕਤ ਵਿਚ ਰਹਿਣ ਲਈ ਸ੍ਰੀਮਤੀ ਗਾਂਧੀ ਚੋਣਾਂ ਅੱਗੇ ਵੀ ਪਾ ਸਕਦੀ ਹੈ। ਉਤਰ ਪ੍ਰਦੇਸ਼ ਵਿਚ ਚੋਣਾਂ ਦਾ ਆਗਾਜ਼ ਕਰਦਿਆਂ ਸ੍ਰੀ ਸ਼ੇਖਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਸ੍ਰੀਮਤੀ ਗਾਂਧੀ ਫੌਜ ਨਾਲ ਮਿਲ ਕੇ ਤਾਕਤ ਆਪਣੇ ਹੱਥ ਵਿਚ ਰੱਖੇ ਏਸੇ ਕਾਰਨ ਉਹ ਫੌਜਾਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਭੇਜ ਰਹੀ ਹੈ।

ਸ੍ਰੀ ਸ਼ੇਖਰ ਨੇ ਕਿਹਾ ਕਿ ਮਾਮੂਲੀ ਗੱਲਾਂ ਲਈ ਫੌਜ ਨੂੰ ਭੇਜਣਾ ਮਸਲਿਆਂ ਨੂੰ ਉਲਝਾਉਂਦਾ ਹੈ।

## ਗੁਰੀਲਿਆਂ ਨੇ ਮਨੀਪੁਰ ਵਿਚ ਕਾਂਗਰਸੀ ਹਲਾਕ ਕਰ ਦਿਤਾ

ਇੰਫਾਲ — ਜ਼ਿਲਾ ਕੌਂਸਲ ਦਾ ਕਾਂਗਰਸੀ ਮੈਂਬਰ ਵੀ. ਐਸ. ਆਰਥਰ ਗੁਰੀਲਿਆਂ ਹੱਥੋਂ ਕਤਲ ਹੋਣ ਦੀ ਖਬਰ ਹੈ। ਮਨੀਪੁਰ ਦੇ ਮੁੱਖ ਮੰਤਰੀ ਰੀਸ਼ਾਂਗ ਕੇਸ਼ਿੰਗ ਨੇ ਕਿਹਾ ਕਿ ਭਾਰੀ ਤਾਕਤ ਗੁਰੀਲਿਆਂ ਨੂੰ ਦਬਾਉਣ ਲਈ ਭੇਜੀ ਗਈ ਹੈ। ਪੁਲਸ ਦਾ ਕਹਿਣਾ ਹੈ ਕਿ ਇਹ ਕਤਲ ਨਾਗਾਲੈਂਡ ਦੇ ਨੈਸ਼ਲਿਸਟ ਸੋਸ਼ਲਿਸਟ ਗਰੁਪ ਵਲੋਂ ਕੀਤਾ ਗਿਆ ਹੈ। ਇਸੇ ਹਫਤੇ ਉਰਖਲ ਹਲਕੇ ਵਿਚ ਇਹ ਦੂਜਾ ਕਤਲ ਹੈ। ਇਸ ਤੋਂ ਪਹਿਲਾਂ ਇਕ ਕਾਂਗਰਸੀ ਉਮੀਦਵਾਰ 28 ਸਤੰਬਰ ਨੂੰ ਮਾਰ ਦਿਤਾ ਗਿਆ ਸੀ।

## ਚੰਡੀਗੜ੍ਹ ਲਾਗੇ ਸਿਨਮਾ ਹਾਲ ਬਾਹਰ ਧਮਾਕਾ

ਚੰਡੀਗੜ੍ਹ — ਮੋਰਿੰਡਾ ਦੇ ਸਿਨਮਾ ਹਾਲ ਦੇ ਬਾਹਰ ਬੰਬ ਧਮਾਕੇ ਦੀ ਖਬਰ ਮਿਲੀ ਹੈ ਜਿਸ ਵਿਚ ਦੋ ਵਿਅਕਤੀ ਜ਼ਖਮੀ ਹੋਏ। ਖਬਰ ਅਨੁਸਾਰ ਇਕ ਦੇਸੀ ਕਿਸਮ ਦਾ ਬੰਬ ਸ਼ਰਾਰਤੀ ਅਨਸਰ ਵਲੋਂ ਸੁਟਿਆ ਗਿਆ ਜਿਸ ਸਮੇਂ ਲੋਕ ਸ਼ੋਅ ਦੇਖ ਕੇ ਸਿਨਮੇ ਤੋਂ ਬਾਹਰ ਨਿਕਲੇ।

## ਸੀ. ਪੀ. ਐਮ. ਵਲੋਂ ਫੌਜ ਹਟਾਏ ਜਾਣ ਦਾ ਸਵਾਗਤ

ਜਲੰਧਰ — ਸੀ. ਪੀ. ਐਮ. ਦੇ ਪੰਜਾਬ ਸਕੱਤਰੇਤ ਨੇ ਪੰਜਾਬ ਦੇ ਲੋਕਾਂ ਨੂੰ ਕਿਹਾ ਹੈ ਕਿ ਸਿੰਘ ਸਾਹਿਬਾਨਾਂ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਸੰਭਾਲ ਦਿਤਾ ਗਿਆ ਹੈ ਅਤੇ ਹੁਣ ਆਮ ਵਰਗੇ ਹਾਲਾਤ ਪੈਦਾ ਕਰਨ ਵਿਚ ਸਾਰੇ ਲੋਕਾਂ ਨੂੰ ਮਿਲਵਰਤਣ ਦੇਣਾ ਚਾਹੀਦਾ ਹੈ।

ਸਕੱਤਰੇਤ ਦੇ ਬੁਲਾਰੇ ਸ੍ਰੀ ਗੁਰਚਰਨ ਸਿੰਘ ਰੰਧਾਵਾ ਨੇ ਕਿਹਾ ਕਿ ਸਕੱਤਰਤੇਤ ਨੇ ਅਤਿਵਾਦੀਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਦੀ ਨਿੰਦਾ ਕੀਤੀ ਹੈ ਤੇ 'ਖਾਲਿਸਤਾਨੀ ਝੰਡਾ' ਝੁਲਾਉਣ ਦੀ ਕਾਰਵਾਈ ਨੂੰ ਕੌਮ-ਵਿਰੋਧੀ ਕਰਾਰ ਦਿਤਾ ਹੈ।

ਸਕੱਤਰੇਤ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਪੰਜ ਸਿੰਘ ਸਾਹਿਬਾਨਾਂ ਵਲੋਂ ਕੌਮ-ਵਿਰੋਧੀ ਅਤੇ ਪੰਥ-ਵਿਰੋਧੀ ਅਨਸਰ ਦੀ ਨਿੰਦਾ ਕਰਨ ਦੀ ਦਲੇਰੀ ਭਰੀ ਕਾਰਵਾਈ ਦਾ ਸਵਾਗਤ ਕੀਤਾ।

## ਪੈਸੇ ਲੈ ਕੇ ਕਤਲ ਕਰਨ ਵਾਲਾ ਸਮਦ ਖਾਨ ਮਾਰਿਆ ਗਿਆ

ਬੰਬਈ — ਬੰਬਈ ਦਾ ਬਦਨਾਮ ਕਿਰਦਾਰ ਸਮਦ ਖਾਨ ਵਿਰੋਧੀ ਗੈਂਗ ਵਲੋਂ 4 ਅਕਤੂਬਰ ਦੀ ਰਾਤ ਨੂੰ ਗੋਲੀ ਨਾਲ ਮਾਰ ਦਿਤਾ ਗਿਆ। ਬੰਬਈ ਵਿਚ ਸਮਦ ਖਾਨ ਪੈਸੇ ਲੈ ਕੇ ਕਤਲ ਕਰਨ ਵਾਲੇ ਗੈਂਗ ਦਾ ਸਰਦਾਰ ਗਿਣਿਆ ਜਾਂਦਾ ਸੀ। ਸਮਦ ਖਾਨ ਕਰੀਮ ਲਾਲਾ ਦਾ ਭਤੀਜਾ ਸੀ ਜਿਸ ਨੂੰ ਬੰਬਈ ਦਾ 'ਵੱਡਾ ਦਾਦਾ' ਗਿਣਿਆ ਜਾਂਦਾ ਹੈ।

## ਦੁਸਹਿਰੇ ਸਮੇਂ ਆਂਧਰਾ ਵਿਚ 13 ਮਰੇ

ਵਿਸ਼ਾਖਾਪਟਮ — ਅਨਕਪਾਲ ਦੀ ਥਾਂ ਤੇ ਪਟਾਕਿਆਂ ਦੀ ਇਕ ਦੁਕਾਨ ਨੂੰ ਅੱਗ ਲੱਗਣ ਨਾਲ ਭਾਰੀ ਧਮਾਕਾ ਹੋਇਆ ਜਿਸ ਨਾਲ 13 ਵਿਅਕਤੀ ਮੌਕੇ ਤੇ ਹੀ ਮਾਰੇ ਗਏ। ਮਰਨ ਵਾਲਿਆਂ ਦੀ ਪਹਿਚਾਣ ਕਰਨੀ ਵੀ ਔਖੀ ਹੋ ਗਈ ਜਦੋਂ ਇਸ ਭਿਆਨਕ ਹਾਦਸੇ ਨੇ ਲਾਸ਼ਾਂ ਨੂੰ ਬੁਰੀ ਤਰ੍ਹਾਂ ਝੁਲਸ ਦਿਤਾ। ਨੌਂ ਵਿਅਕਤੀ ਜ਼ਖਮੀ ਹੋਏ।

ਦਰਸ਼ਕਾਂ ਦਾ ਕਹਿਣਾ ਹੈ ਕਿ ਇਹ ਹਾਦਸਾ ਇਨਾ ਭਿਆਨਕ ਸੀ ਕਿ ਨੇੜਲੇ ਘਰਾਂ ਦੀਆਂ ਛੱਤਾਂ ਵੀ ਉਡ ਗਈਆਂ, ਸੱਤ ਕਮਰਿਆਂ ਦੀ ਇਮਾਰਤ, ਜਿਸ ਵਿਚ ਪਟਾਕਿਆਂ ਦੀ ਦੁਕਾਨ ਸੀ, ਪੂਰੀ ਤਰ੍ਹਾਂ ਖਤਮ ਹੋ ਗਈ।

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਨੇ ਖਬਰ ਮਿਲਦੇ ਸਾਰ ਆਪਣੇ ਸਿਹਤ ਮੰਤਰੀ ਨੂੰ ਮੌਕੇ ਤੇ ਭੇਜਿਆ ਤਾਕਿ ਸਬੰਧਤ ਲੋਕਾਂ ਨੂੰ ਮੱਦਦ ਪਹੁੰਚਾਈ ਜਾਵੇ।

## 'ਕੈਨੇਡਾ ਦਰਪਣ' ਦਾ ਇਕ ਹੋਰ ਪਾਠਕ ਬਣਾਓ

## ਵੈਨਕੂਵਰ ਦੇ ਮੇਅਰ ਦੀ ਚੋਣ ਲਈ ਹਾਰਕੋਰਟ ਤੇ ਵੈਂਡਰ ਜ਼ਾਮ ਵਿਚ ਟੱਕਰ

ਵੈਨਕੂਵਰ — ਵੈਨਕੂਵਰ ਦੇ ਮੇਅਰ ਦੀ ਚੋਣ ਲਈ ਮੈਦਾਨ ਗਰਮ ਹੋਣਾ ਸ਼ੁਰੂ ਹੋ ਗਿਆ ਹੈ। ਦੋ ਵਾਰ ਚੁਣੇ ਜਾ ਚੁਕੇ ਮੇਅਰ ਮਾਈਕ ਹਾਰਕੋਰਟ ਦਾ ਮੁਕਾਬਲਾ ਪੁਰਾਣੇ ਸਰੀ ਦੇ ਮੇਅਰ ਅਤੇ ਸੋਸ਼ਲ ਕਰੈਡਿਟ ਦੇ ਵਜ਼ੀਰ ਵੈਂਡਰ ਜ਼ਾਮ ਵਿਚਕਾਰ ਹੋਵੇਗਾ। ਵੋਟਾਂ ਨਵੰਬਰ ਵਿਚ ਪੈ ਰਹੀਆਂ ਹਨ। ਮਾਈਕ ਹਾਰਕੋਰਟ ਦੀ ਮੱਦਦ ਕੋਪ ਕਰ ਰਹੀ ਹੈ। ਇਸ ਚੋਣ ਦਾ ਫੈਸਲਾ ਪਿਛਲੀ ਵਾਰ ਵਾਂਗ ਵੋਟਾਂ ਦੇ ਬਹੁਤ ਫਰਕ ਨਾਲ ਹੋਵੇਗਾ ਕਿਉਂਕਿ ਹਾਰਕੋਰਟ ਨੂੰ ਵੈਨਕੂਵਰ ਦੇ ਵੋਟਰ ਪਹਿਲਾਂ ਹੀ ਅਜ਼ਮਾ ਕੇ ਵੇਖ ਚੁਕੇ ਹਨ ਜਦ ਕਿ ਵੈਂਡਰ ਜ਼ਾਮ ਵਜ਼ਾਰਤ ਸਮੇਂ ਕਾਫੀ ਜੋਸ਼ ਨਾਲ ਟੀਚਰਾਂ ਆਦਿ ਦੀਆਂ ਮੰਗਾਂ ਆਦਿ ਦੀ ਵਿਰੋਧਤਾ ਕਰਦੇ ਰਹੇ ਹਨ।


S. & S. INSURANCE

6658 Main St. Vancouver

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ


ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)

Ph. 324-5711


ਹਰਦੇਵ ਸਿੰਘ ਗਿੱਲ

324-5711

# AMBIKA FOODS

## 5125 Victoria Drive, Vancouver

**PHONE: 327—0295**

# DIWALI SPECIAL

| | | |
|---|---|---|
| **Almond**<br>ਬਦਾਮ 6.89 3 lb. | **Atta**<br>ਆਟਾ 8.89 2x10 kg. | **Long Grain Rice**<br>ਲੌਂਗ ਗਰੇਨ ਚਾਵਲ<br>10.89 20 kg. 44 lb |

| | | | | |
|---|---|---|---|---|
| **Sugar** ਖੰਡ<br>5.89 10 kg. | **Butter Salted**<br>2.38 lb. | **Vegetable Oil**<br>3.99 3 lt. | **Pea Flour**<br>ਬੇਸਣ<br>99¢ 2 kg. | **Chick Peas**<br>ਕਾਬਲੀ ਛੋਲੇ<br>89¢ 19 oz. tin |

| | |
|---|---|
| **Grind Your Own Masala** | **Fresh Jimikand available now** |

| | | |
|---|---|---|
| **Vegetable Oil (pail)**<br>19.79 | **Pachranga Achar**<br>ਪਚਰੰਗਾ ਆਚਾਰ<br>1.49 tin | **Aluminum Stainless Steel Pots & Pans**<br>50% off |
| **Basmati Rice**<br>ਬਾਸਮਤੀ ਚਾਵਲ<br>59¢ lb | **Masar Whole**<br>ਸਾਬਤ ਮਸਰ<br>29¢ lb | **Moong Whole**<br>49¢ lb |
| **All Pickle on Sale**<br>from 1.49 | **Corn Oil**<br>ਮੱਕੀ ਦਾ ਤੇਲ<br>28.99 16 lit | **Parboil Rice**<br>10.99 25 lb. |
| **Safflo Oil**<br>ਸੇਫਲੋ ਤੇਲ<br>27.99 pail | ਰੌਬਨਹੁਡ ਮੈਦਾ<br>5.97 10 kg. | **Haldi**<br>ਹਲਦੀ<br>99¢ lb |
| **Rooh Afza**<br>ਰੂਹ ਅਫਜ਼ਾ<br>3.99 bottle | **Nabob Tea**<br>ਨਵਾਬ ਚਾਹ<br>3.89 packet | **Milk**<br>ਦੁੱਧ<br>3.39 4 lit |

| | |
|---|---|
| **Field Hockey Stick** ((For Professional) 6.99 | **Chyawan prash**<br>12.99 1 kg. |

# ਸ੍ਰੀ ਅਕਾਲ ਤਖਤ ਦੀ ਮਰਿਆਦਾ ਕਿਸੇ ਨੂੰ ਭੰਗ ਨਹੀਂ ਕਰਨ ਦਿਤੀ ਜਾਵੇਗੀ — ਸ: ਮਜੀਠਾ 'ਖਾਲਿਸਤਾਨੀ' ਅਨਸਰ ਨੂੰ ਚਿਤਾਵਨੀ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੀ ਐਡਹਾਕ ਕਮੇਟੀ ਦੇ ਕਨਵੀਨਰ ਸ: ਪ੍ਰਕਾਸ਼ ਸਿੰਘ ਮਜੀਠਾ ਨੇ 'ਖਾਲਿਸਤਾਨੀ' ਅਨਸਰ ਨੂੰ ਚਿਤਾਵਨੀ ਦਿਤੀ ਹੈ ਕਿ ਅੱਗੇ ਲਈ ਕਿਸੇ ਨੂੰ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਭੰਗ ਕਰਨ ਦੀ ਇਜ਼ਾਜ਼ਤ ਨਹੀਂ ਦਿਤੀ ਜਾਵੇਗੀ। ਸ: ਮਜੀਠਾ ਨੇ ਕਿਹਾ ਕਿ ਜੇ 'ਖਾਲਿਸਤਾਨੀ' ਖਾਲਿਸਤਾਨ ਦੀ ਲੜਾਈ ਲੜਨਾ ਚਾਹੁੰਦੇ ਹਨ ਤਾਂ ਉਹ ਗੁਰਦੁਆਰਿਆਂ ਤੋਂ ਬਾਹਰ ਲੜਨ।

ਰਾਜਨੀਤਕ ਸੂਤਰਾਂ ਅਨੁਸਾਰ ਅਜੇ ਵੀ ਅਜਿਹਾ ਅਨਸਰ ਮੌਜੂਦ ਹੈ ਜੋ ਨਵੇਂ ਬਣੇ ਸ੍ਰੀ ਅਕਾਲ ਤਖਤ ਸਾਹਿਬ ਦਾ ਨੁਕਸਾਨ ਕਰਨਾ ਚਾਹੁੰਦਾ ਹੈ। ਰਾਜਨੀਤਕ ਸੂਤਰਾਂ ਅਨੁਸਾਰ ਹੁਣ ਦਰਬਾਰ ਸਾਹਿਬ ਦੇ ਕੰਪਲੈਕਸ ਤੇ ਮੁਕੰਮਲ ਕਬਜ਼ਾ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੋਣ ਨਾਲ ਹਾਲਾਤ ਵਿਚ ਤਬਦੀਲੀ ਆ ਗਈ ਹੈ ਤੇ ਅਜਿਹੇ ਅਨਸਰ ਨੂੰ ਕੰਟਰੋਲ ਵਿਚ ਰੱਖਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਹੈ।

ਸੂਤਰਾਂ ਦਾ ਇਹ ਵੀ ਵਿਚਾਰ ਹੈ ਕਿ ਪੰਜਾਬ ਵਿਚ ਆਮ ਲੋਕ 'ਖਾਲਿਸਤਾਨ' ਦੇ ਸਮਰਥਕ ਨਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਦਾ ਕੰਮ ਹੋਰ ਵੀ ਸੌਖਾ ਹੋ ਜਾਵੇਗਾ ਕਿ ਅਜਿਹੇ ਅਨਸਰ ਨੂੰ ਕਾਬੂ ਵਿਚ ਰੱਖ ਸਕੇ।

ਇਕ ਪੱਤਰਕਾਰ ਅਨੁਸਾਰ ਸਿੰਘ ਸਾਹਿਬਾਨ ਦੀ ਪਦਵੀ ਨੂੰ ਵੀ ਅਜਿਹੇ ਅਨਸਰਾਂ ਵਲੋਂ ਚੈਲੰਜ ਕੀਤਾ ਗਿਆ ਹੈ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੀ ਸਮੱਸਿਆ ਹੈ ਕਿ ਪੰਜਾਬ ਦੇ ਤਖਤਾਂ ਦੇ ਜਥੇਦਾਰ ਤਾਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲ ਸਲਾਹ ਮਸ਼ਵਰਾ ਕਰਦੇ ਹਨ ਜਦ ਕਿ ਤਖਤ ਸ੍ਰੀ ਪਟਨਾ ਸਾਹਿਬ ਅਤੇ ਨੰਦੇੜ ਸਾਹਿਬ ਦੇ ਤਖਤਾਂ ਦੇ ਜਥੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਆਪਣੇ ਵਿਸ਼ਵਾਸ਼ ਵਿਚ ਅਜੇ ਤੱਕ ਨਹੀਂ ਲੈ ਸਕੀ।

ਇਹ ਮਸਲਾ ਸਮੁੱਚੇ ਸਿੱਖ ਪੰਥ ਦਾ ਮਸਲਾ ਹੈ ਜੋ ਸੂਤਰਾਂ ਅਨੁਸਾਰ ਸੁਲਝਾਇਆ ਜਾਣਾ ਵੀ ਜ਼ਰੂਰੀ ਹੈ।



ਹਰਿਮੰਦਰ ਸਾਹਿਬ ਕੰਪਲੈਕਸ ਵਿਚ ਲੋਕਾਂ ਦਾ ਭਾਰੀ ਇਕੱਠ

## ਬੀਬੀ ਰਾਜਿੰਦਰ ਕੌਰ ਨੂੰ ਦੋਸ਼ਾਂ ਤੋਂ ਮੁਕਤੀ

ਅੰਮ੍ਰਿਤਸਰ — ਗਿਆਨੀ ਜ਼ੈਲ ਸਿੰਘ ਨੂੰ 'ਤਨਖਾਹੀਆ' ਕਰਾਰ ਦੇਣ ਸਮੇਂ ਮਾਸਟਰ ਤਾਰਾ ਸਿੰਘ ਦੀ ਸਪੁੱਤਰੀ ਰਾਜਿੰਦਰ ਕੌਰ ਨੇ ਅਜਿਹਾ ਬਿਆਨ ਦਿਤਾ ਸੀ ਕਿ ਸਿੰਘ ਸਾਹਿਬਾਨ ਨੇ ਜਲਦੀ ਤੋਂ ਕੰਮ ਲਿਆ। ਇਸ ਕਾਰਨ ਸਿੰਘ ਸਾਹਿਬਾਨ ਵਲੋਂ ਬੀਬੀ ਰਾਜਿੰਦਰ ਕੌਰ ਦੀ ਜਵਾਬ ਤਲਬੀ ਕੀਤੀ ਗਈ।

ਪ੍ਰੈਸ ਨੂੰ ਦਿਤੇ ਬਿਆਨ ਵਿਚ ਸਿੰਘ ਸਾਹਿਬਾਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਬੀਬੀ ਰਾਜਿੰਦਰ ਕੌਰ ਦਾ ਜਵਾਬ ਮਿਲ ਗਿਆ ਹੈ ਤੇ ਉਨ੍ਹਾਂ ਨੇ ਆਪਣੇ ਬਿਆਨ ਦਾ ਤਸੱਲੀ ਬਖਸ਼ ਜਵਾਬ ਦਿਤਾ ਹੈ। ਇਸ ਲਈ ਉਨ੍ਹਾਂ ਵਿਰੁਧ ਕੋਈ ਐਕਸ਼ਨ ਨਹੀਂ ਲਿਆ ਜਾਵੇਗਾ।

ਏਸੇ ਤਰ੍ਹਾਂ ਦਾ ਨੋਟਿਸ ਅਕਾਲੀ ਆਗੂ ਸ: ਗੁਰਦੇਵ ਸਿੰਘ ਨੂੰ ਦਿਤਾ ਗਿਆ ਸੀ, ਉਹ ਵੀ ਵਾਪਸ ਲੈ ਲਿਆ ਗਿਆ ਹੈ।

## ਕੈਨੇਡਾ ਸਰਕਾਰ ਦੇ ਵਤੀਰੇ ਕਾਰਨ ਨਿਯੁਕਤੀ ਰੋਕ ਦਿਤੀ ਗਈ

ਨਵੀਂ ਦਿੱਲੀ — ਇਕ ਸੂਚਨਾ ਅਨੁਸਾਰ ਭਾਰਤ ਸਰਕਾਰ ਕੈਨੇਡਾ ਵਿਚ ਹਾਈ ਕਮਿਸ਼ਨਰ ਨਿਯੁਕਤ ਕਰਨ ਤੋਂ ਹਿਚਕਚਾ ਰਹੀ ਹੈ। ਇਕ ਬੁਲਾਰੇ ਅਨੁਸਾਰ ਕੈਨੇਡਾ ਅਤੇ ਭਾਰਤ ਵਿਚਕਾਰ ਸਬੰਧ ਵਿਗੜ ਵੀ ਸਕਦੇ ਹਨ ਕਿਉਂਕਿ ਉਸਨੇ ਦੋਸ਼ ਲਾਇਆ ਹੈ ਕਿ ਕੈਨੇਡਾ ਦੇ ਸ਼ਹਿਰੀ ਲੋਕ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

**'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰੋ**


PAYAL SAREE & FABRICS CENTRE

9277-120th St.(Scott Rd.) DELTA, B.C.

Ph. 584-6011

STORE HAS MOVED IN THE PAYAL PLAZA

DEWALI SALE



ਇਤਨੀਆਂ ਘੱਟ ਕੀਮਤਾਂ ਕਿ, ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਓਗੇ

ਸਰੀ-ਡੈਲਟਾ ਵਿਚ ਸਭ ਤੋਂ ਵੱਡਾ ਸਟੋਰ ਜਿੱਥੇ ਕਿ ਕੋਟੀਆਂ, ਜੁੱਤੀਆਂ, ਵਿਆਹ ਦਾ ਸਾਰਾ ਸਾਮਾਨ ਮਿਲ ਸਕਦਾ ਹੈ

ਕੀਮਤਾਂ ਇੰਨੀਆਂ ਘੱਟ ਕਿ, ਤੁਸੀਂ ਆ ਕੇ ਹੀ ਦੇਖੋ!

ਸੂਟਾਂ ਤੇ ਸਾੜ੍ਹੀਆਂ ਦੇ ਨਵੇਂ ਨਵੇਂ ਪ੍ਰਿੰਟ ਪਹੁੰਚ ਗਏ ਹਨ

ਗਿੱਲ ਫੂਡਜ਼ ਦੇ ਨਾਲ, ਜੋ ਕਿ ਪਾਇਲ ਪਲਾਜ਼ਾ ਵਿਚ ਹੈ

# ਸਿੱਖ ਧਰਮ ਤੇ ਸਿਆਸਤ

■ ਪ੍ਰੀਤਮ ਸਿਘ

(ਲੜੀ ਜੋੜਨ ਲਈ ਵੇਖੋ ਪਹਿਲੀ ਅਕਤੂਬਰ 1984 ਦਾ ਅੰਕ)

ਇਨ੍ਹਾਂ ਮੰਗਾਂ ਦੇ ਕੁੱਝ ਪੱਖਾਂ ਵੱਲ ਉਚੇਚੇ ਧਿਆਨ ਦੀ ਲੋੜ ਹੈ, ਜਿਵੇਂ -

(ੳ) ਇਨ੍ਹਾਂ ਵਿੱਚੋਂ ਇੱਕ ਮੰਗ ਵੀ ਅਜਿਹੀ ਨਹੀਂ ਜੋ ਭਾਰਤ ਦੀ ਸੈਕੂਲਰਤਾ ਨੂੰ ਠੇਸ ਪਹੁੰਚਾਉਂਦੀ ਹੋਵੇ ਜਾਂ ਭਾਰਤੀ ਵਿਧਾਨ ਦੇ ਅਨੁਕੂਲ ਨਾ ਹੋਵੇ।

(ਅ) ਕੋਈ ਮੰਗ ਭਾਰਤ ਦੇਸ ਜਾਂ ਪੰਜਾਬ ਦੇ ਕਿਸੇ ਗਵਾਂਢੀ ਰਾਜ ਨੂੰ ਨੁਕਸਾਨ ਪਹੁੰਚਾਉਣ ਜਾਂ ਨਿਤਾਣਾ ਬਣਾਉਣ ਦੀ ਇੱਛਾ ਤੋਂ ਪੈਦਾ ਨਹੀਂ ਹੋਈ।

(ੲ) ਨਿਰੋਲ ਸਿੱਖਾਂ ਨਾਲ ਸੰਬੰਧ ਰੱਖਣ ਵਾਲੀਆਂ ਮੰਗਾਂ ਘੱਟ ਤੇ ਸਮੁੱਚੇ ਪੰਜਾਬ ਜਾਂ ਸਮੁੱਚੇ ਦੇਸ ਨਾਲ ਸੰਬੰਧ ਰੱਖਣ ਵਾਲੀਆਂ ਮੰਗਾਂ ਵਧੇਰੇ ਹਨ;

(ਸ) ਇੱਕ ਵੀ ਮੰਗ ਅਜਿਹੀ ਨਹੀਂ ਜਿਸ ਨਾਲ ਕੇਵਲ ਅਕਾਲੀ ਦਲ ਜਾਂ ਕੇਵਲ ਸਿੱਖਾਂ ਨੂੰ ਹੀ ਸਿਧਾ ਆਰਥਿਕ ਜਾਂ ਸਿਆਸੀ ਫਾਇਦਾ ਪਹੁੰਚਦਾ ਹੋਵੇ;

(ਹ) ਜਮਹੂਰੀ ਰੁਚੀ ਵਾਲੇ ਸਭ ਸੋਚਵਾਨ ਲੋਕ ਤੇ ਪਾਰਟੀਆਂ ਇਹ ਰਾਏ ਪ੍ਰਗਟਾ ਚੁੱਕੀਆਂ ਹਨ ਕਿ ਇਨ੍ਹਾਂ ਮੰਗਾਂ ਦੀ ਪੂਰਤੀ ਨਾਲ ਦੇਸ ਦਾ ਨਿਜ਼ਾਮ ਵਧੇਰੇ ਸ਼ਕਤੀਵਰ, ਨਿਆਂ-ਪੂਰਵਕ ਤੇ ਘੱਟ ਉਲਾਰ ਬਣ ਜਾਵੇਗਾ। ਜੇ ਕੋਈ ਇਤਰਾਜ਼ ਹੈ, ਜੋ ਠੀਕ ਹੈ, ਤਾਂ ਇਹ ਹੈ ਕਿ ਇਹ ਮੰਗਾਂ ਕੇਵਲ ਦਲ ਵੱਲੋਂ ਨਹੀਂ, ਸਾਰਿਆਂ ਪੰਜਾਬੀਆਂ ਵੱਲੋਂ ਪੇਸ਼ ਹੋਣੀਆਂ ਚਾਹੀਦੀਆਂ ਸਨ।

ਇਨ੍ਹਾਂ ਦਾਅਵਿਆਂ ਦੀ ਪ੍ਰੋੜ੍ਹਤਾ, ਦਲ ਦੀਆਂ ਮੰਗਾਂ ਦੇ ਕਰਮਵਾਰ ਅੰਗ-ਨਿਖੇੜ (serial analysis) ਤੋਂ ਆਪਣੇ ਆਪ ਹੋ ਜਾਂਦੀ ਹੈ।

## (ੳ) ਰਾਜਾਂ ਲਈ ਵੱਧ ਅਧਿਕਾਰ

ਭਾਰਤ ਇੱਕ ਬੜਾ ਵੱਡਾ ਦੇਸ਼ ਹੈ। ਇਸ ਦੇ ਬਹੁਤ ਸਾਰੇ ਰਾਜ ਦੁਨੀਆਂ ਦੇ ਕਈ ਵੱਡੇ ਵੱਡੇ ਦੇਸਾਂ ਤੋਂ ਵੀ ਵੱਡੇ ਹਨ। ਆਮ ਤੌਰ ਉੱਤੇ, ਇਨ੍ਹਾਂ ਰਾਜਾਂ ਦੀਆਂ ਸਰਹੱਦਾਂ ਬੋਲੀਆਂ ਦੇ ਆਧਾਰ ਉੱਤੇ ਨਿਸਚਿਤ ਹੋਈਆਂ ਹੋਈਆਂ ਹਨ। ਇਨ੍ਹਾਂ ਬੋਲੀਆਂ ਵਿੱਚੋਂ ਬਹੁਤੀਆਂ ਦੇ ਇਤਿਹਾਸ ਹਜ਼ਾਰ ਹਜ਼ਾਰ ਦੋ ਦੋ ਹਜ਼ਾਰ ਵਰ੍ਹੇ ਉੱਤੇ ਫੈਲੇ ਹੋਏ ਹਨ। ਤਮਿਲ ਤਾਂ ਸੰਸਕ੍ਰਿਤ ਤੋਂ ਵੀ ਪੁਰਾਣੇ ਹੋਣ ਦਾ ਦਾਅਵਾ ਕਰਦੀ ਹੈ। ਬੋਲੀਆਂ ਵਾਂਗ ਇਨ੍ਹਾਂ ਦੇ ਸਭਿਆਚਾਰ ਵੀ ਆਪੋ ਆਪਣੇ ਤੇ ਸਦੀਆਂ ਪੁਰਾਣੇ ਹਨ। ਅਸਲ ਵਿੱਚ ਭਾਰਤ ਦੇ ਸਾਰੇ ਭਾਸ਼ਾਈ ਰਾਜ (linguistic states) ਭਾਸ਼ਾਈ, ਕੌਮੀਅਤਾਂ (linguistic nationalities) ਦੇ ਘਰ ਹਨ। ਕਿਸੇ ਵੱਡੇ ਦੇਸ ਵਿੱਚ, ਉਸ ਦੀ ਕੁਦਰਤੀ ਇਲਾਕਾਈ ਵੰਨ-ਸੁਵੰਨਤਾ ਵਾਂਗ, ਭਾਸ਼ਈ ਤੇ ਸੱਭਿਆਚਾਰਕ ਤੇ ਧਾਰਮਿਕ ਭਿੰਨਤਾਵਾਂ ਦਾ ਹੋਣਾ ਅਸਲੋਂ ਸੁਭਾਵਿਕ ਗੱਲ ਹੈ। ਸਿਆਣੇ ਆਗੂ ਇਨ੍ਹਾਂ ਨੂੰ ਕਿਸੇ ਗੁਲਦਸਤੇ ਦੇ ਰੰਗ-ਬਰੰਗੇ ਫੁੱਲਾਂ ਵਾਂਗ ਗੁੰਦ ਕੇ ਅਨੇਕਤਾ ਵਿੱਚ ਏਕਤਾ ਬਣਾ ਲੈਂਦੇ ਹਨ। ਪਰ ਜੇ ਕਿਸੇ ਇੱਕ ਕੇਂਦਰਵਾਦੀ (unitarian) ਸਰਸਕਾਰ ਨੂੰ ਇਹ ਵੰਨ ਸੁਵੰਨਤਾ ਜਾਂ ਵੱਖਰਾਪਨ ਜਾਂ ਵਿਲੱਖਣਤਾ ਰੜਕਣ ਲੱਗ ਪਵੇ ਤਾਂ ਇਸ ਦਾ ਕੁਦਰਤੀ ਨਤੀਜਾ ਕੇਂਦਰ ਤੇ ਕੌਮੀਅਤੀ ਰਾਜਾਂ ਵਿਚਕਾਰ ਟੱਕਰ ਵਾਲਾ ਹੋਵੇਗਾ। ਵੱਖਰੇਪਨ ਵਿੱਚ ਹੀ ਤਾਂ ਵੱਖਰੇ ਸਭਿਆਚਾਰ ਦੀ ਜਾਨ ਹੁੰਦੀ ਹੈ ਤੇ ਭਾਸ਼ਾ ਜਾਂ ਸਭਿਆਚਾਰ ਦੇ ਵੱਖਰੇਪਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਕੇਂਦਰ ਦੀ ਸ਼ਕਤੀ ਨੂੰ ਸਦੀਵੀ ਖਤਰਾ ਹੈ, ਬਲਕਿ ਇਸ ਦੀ ਹੋਂਦ, ਸੰਤੁਸ਼ਟ ਲੋਕਾਂ ਨੂੰ ਕੇਂਦਰ ਦੇ ਨਾਲ ਜੋੜਦੀ ਹੈ। ਯੂ. ਐਸ. ਏ. ਤੇ ਯੂ. ਐਸ. ਐਸ. ਆਰ., ਦੁਨੀਆਂ ਦੀਆਂ ਦੋ ਵੱਡੀਆਂ ਤਾਕਤਾਂ, ਜੇ ਪੂਰੇ ਸੁਤੰਤਰ ਨਹੀਂ, ਤਾਂ ਅੱਧੇ ਸੁਤੰਤਰ ਵੱਖ ਵੱਖ ਰਾਜਾਂ ਦਾ ਹੀ ਸਮੁੱਚ ਹਨ। ਭਾਰਤ ਦਾ ਆਪਣਾ ਵਿਧਾਨ, ਵਿਧਾਨਕਾਰਾਂ ਦੀ ਮੂਲ ਨੀਅਤ ਅਨੁਸਾਰ ਵੀ, ਤੇ ਉਸ ਦੇ ਆਪਣੇ ਸ਼ਬਦਾਂ ਅਨੁਸਾਰ ਵੀ, ਫੈਡਰਲ ਜਾਂ ਬਹੁ-ਕੇਂਦਰੀ ਹੈ।

ਅਫਸੋਸ ਇਹ ਹੈ ਕਿ ਇਸ ਦੇ ਸੰਚਾਲਕ, ਕਈ ਵਾਰੀ, ਇਸ ਬਹੁ-ਕੇਂਦਰੀ ਵਿਧਾਨ ਤੋਂ ਇੱਕ-ਕੇਂਦਰੀ ਵਿਧਾਨ ਵਾਲਾ ਕੰਮ ਲੈਣ ਦਾ ਜਤਨ ਕਰਦੇ ਹਨ। ਇਸ ਰੁਚੀ ਦਾ ਵਿਰੋਧ ਭਾਰਤ ਦੀਆਂ ਕਈ ਪਾਰਟੀਆਂ ਕਰ ਚੁੱਕੀਆਂ ਹਨ ਤੇ ਹਰ ਰਾਜ-ਸਰਕਾਰ, ਦਿਲੋਂ ਇਹੋ ਚਾਹੁੰਦੀ ਹੈ ਕਿ ਉਸ ਨੂੰ ਆਪਣੀਆਂ ਲੋੜਾਂ ਅਨੁਸਾਰ ਸੱਭਿਆਚਾਰ ਤੇ ਪਦਾਰਥਕ ਉੱਨਤੀ ਦੀ ਖੁੱਲ੍ਹ ਦਿੱਤੀ ਜਾਵੇ ਤੇ ਉਸ ਨੂੰ ਕੇਂਦਰ ਸਰਕਾਰ ਦੀ ਮਿਊਂਸਿਪਲ ਕਮੇਟੀ ਨਾ ਸਮਝਿਆ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਵੀ ਇਹੀ ਮੰਗ ਹੈ ਕਿ ਦਿੱਲੀ, ਪੰਜਾਬ ਦੇ ਅਧਿਕਾਰਾਂ ਦੀ ਸੰਘੀ ਏਨੀ ਨਾ ਘੁੱਟੇ ਕਿ ਪੰਜਾਬ ਦੇ ਆਨੇ ਬਾਹਰ ਨਿਕਲ ਆਉਣ। ਦਲ, ਪੰਜਾਬ ਨੂੰ ਭਾਰਤ ਦੇਸ ਤੋਂ ਅੱਡ ਕਿਸੇ ਵੱਖਰੇ ਸੁਤੰਤਰ ਦੇਸ ਵਿੱਚ ਬਦਲਾਉਣ ਦੀ ਮੰਗ ਨਹੀਂ ਕਰ ਰਿਹਾ, ਕੇਵਲ ਫੈਡਰਲ ਵਿਧਾਨ ਦੀ ਯੋਗ ਵਰਤੋਂ ਮੰਗਦਾ ਹੈ। ਕੇਂਦਰੀ ਸਰਕਾਰ ਨੇ ਦਲ ਦੀ ਮੰਗ ਦਾ ਹਵਾਲਾ ਦਿੱਤੇ ਬਿਨਾਂ, ਕੇਂਦਰ ਤੇ ਰਾਜਾਂ ਦੇ ਆਪਸੀ ਸੰਬੰਧਾਂ ਉੱਤੇ ਨਜ਼ਰਸਾਨੀ ਕਰਨ ਲਈ, 'ਸਰਕਾਰੀਆ ਕਮਿਸ਼ਨ' ਕਾਇਮ ਕਰ ਦਿੱਤਾ ਹੈ। ਇਸ ਕਮਿਸ਼ਨ ਦਾ ਕਾਇਮ ਹੋਣਾ ਆਪਣੇ ਆਪ ਵਿੱਚ ਹੀ ਕਾਫੀ ਵਜ਼ਨੀ ਸਬੂਤ ਹੈ ਕਿ ਦਲ ਦੀ ਮੰਗ ਜਮਹੂਰੀ ਹੈ, ਜਾਇਜ਼ ਹੈ ਤੇ ਸਾਰੇ ਰਾਜਾਂ ਤੇ ਸਮੁੱਚੇ ਭਾਰਤ ਦੇ ਹਿਤ ਵਿੱਚ ਹੈ। ਇਹ ਮੰਗ ਨਾ ਫਿਰਕੂ ਹੈ, ਨਾ ਦੇਸ-ਧ੍ਰੋਹੀ ਹੈ ਤੇ ਨਾ ਵੱਖਵਾਦੀ ਹੀ ਹੈ। ਦਲ ਤੋਂ ਛੁੱਟ ਪੰਜਾਬ ਦੀਆਂ ਹੋਰ ਸਿਆਸੀ ਪਾਰਟੀਆਂ ਵੀ ਕਈ ਕਈ ਵਾਰ ਇਸ ਮੰਗ ਦੀ ਹਿਮਾਇਤ ਕਰ ਚੁੱਕੀਆਂ ਹਨ।

## (ਅ) ਚੰਡੀਗੜ੍ਹ ਤੇ ਹੋਰ ਪੰਜਾਬੀ ਇਲਾਕੇ

ਕਦੀ ਲਾਹੌਰ ਸਾਰੇ ਪੰਜਾਬ ਦੀ ਰਾਜਧਾਨੀ ਸੀ। ਵੰਡ ਨਾਲ ਉਹ ਖੁੱਸ ਗਈ ਤੇ ਉਸ ਦੇ ਬਦਲੇ, ਪੰਜਾਬੀ-ਬੋਲਦੇ ਪਿੰਡ ਉਜਾੜ ਕੇ, ਚੰਡੀਗੜ੍ਹ ਉਸਾਰਿਆ ਗਿਆ। ਜਦੋਂ ਹਿੰਦੀ ਭਾਸ਼ੀਆਂ ਵੱਲੋਂ ਚੰਡੀਗੜ੍ਹ ਨੂੰ ਰਾਜਸੀ ਚੌਪੜ ਦਾ ਮੁਹਰਾ ਬਣਾਇਆ ਜਾਣ ਲੱਗ ਪਿਆ ਤਾਂ ਮੇਰੇ ਸੁਰਗਵਾਸੀ ਮਿੱਤਰ ਡਾ. ਵਿਸ਼ਵਾਨਾਥ ਤਿਵਾੜੀ ਨੂੰ, ਬੱਸ-ਅੱਡਿਆਂ, ਸਿਨਮਿਆਂ, ਸਕੂਲਾਂ-ਕਾਲਿਜਾਂ, ਗਲੀਆਂ-ਬਾਜ਼ਾਰਾਂ ਤੇ ਦਫਤਰਾਂ ਵਿੱਚ ਬੋਲਦੇ ਲੋਕਾਂ ਦੀ ਗੱਲ-ਬਾਤ ਟੇਪ-ਰੀਕਾਰਡ ਕਰ ਕੇ ਸਾਬਤ ਕਰਨਾ ਪਿਆ ਕਿ ਚੰਡੀਗੜ੍ਹੀਆਂ ਦੀ ਭਾਰੀ ਗਿਣਤੀ ਦੀ ਬੋਲੀ ਪੰਜਾਬੀ ਹੈ। ਪਰ ਜਦੋਂ ਸਿਆਸੀ ਤੋਲਿਆਂ ਦੀਆਂ ਤਕੜੀਆਂ ਵਿੱਚ ਹੀ ਕਾਣਾਂ ਹੋਣ ਤਾਂ ਸਾਵੇਂ ਤੋਲ ਦੀ ਆਸ ਕਿਵੇਂ ਰੱਖੀ ਜਾਵੇ? ਸੁਰਗਵਾਸੀ ਸੰਤ ਫਤਿਹ ਸਿਘ ਦਾ ਮਰਨ-ਵਰਤ ਤੁੜਵਾਉਣ ਲਈ ਪ੍ਰਧਾਨ-ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਨੇ 28 ਜਨਵਰੀ, 1970 ਨੂੰ ਐਲਾਨ ਕੀਤਾ ਕਿ 1975 ਵਿੱਚ ਚੰਡੀਗੜ੍ਹ ਪੰਜਾਬ ਨੂੰ ਸੌਂਪ ਦਿੱਤਾ ਜਾਵੇਗਾ ਤੇ ਇਸ ਦੇ ਬਦਲੇ ਫਾਜ਼ਿਲਕਾ, ਅਬੋਹਰ ਤੇ 114 ਪਿੰਡ ਪੰਜਾਬ ਨਾਲੋਂ ਕੱਟ ਕੇ ਹਰਿਆਣੇ ਨਾਲ ਜੋੜੇ ਜਾਣਗੇ। ਹਰਿਆਣੇ ਨੂੰ ਦਿੱਤੇ ਜਾਣ ਵਾਲਾ ਇਲਾਕਾ ਕਿਉਂਕਿ ਕਿਸੇ ਪਾਸਿਓਂ ਵੀ ਹਰਿਆਣੇ ਨਾਲ ਨਹੀਂ ਸੀ ਲੱਗਦਾ, ਇਸ ਲਈ ਪੰਜਾਬ ਤੇ ਰਾਜਿਸਥਾਨ ਦੀ ਸਰਹੱਦ ਦੇ ਵਿਚਕਾਰੋਂ ਇੱਕ ਫਰਲਾਂਗ ਦਾ ਲਾਂਘਾ ਵੀ ਹਰਿਆਣੇ ਨੂੰ ਦੇਣਾ ਕੀਤਾ ਗਿਆ।

ਸੰਤ ਫਤਹਿ ਸਿੰਘ ਜੀ ਦਾ ਵਰਤ ਤਾਂ ਟੁੱਟ ਗਿਆ, ਪਰ ਚੰਡੀਗੜ੍ਹ ਨੂੰ ਤੋਲਣ ਲੱਗਿਆਂ ਤਰਿਆਕਲ ਪੈਂਚ ਨੇ ਆਪਣੀ ਤੱਕੜੀ ਨਾਲ ਫਾਜ਼ਿਲਕਾ ਤੇ ਅਬੋਹਰ ਦੇ ਪਾਸਕੂ ਕਿਉਂ ਤੇ ਕਿਵੇਂ ਬੰਨ੍ਹ ਲਏ, ਇਸ ਦੀ ਸਮਝ ਕੇਵਲ ਸਿਆਸੀ ਪੈਂਤੜੇਬਾਜ਼ਾਂ ਨੂੰ ਹੀ ਆ ਸਕਦੀ ਹੈ। ਸੰਤ ਲੌਂਗੋਵਾਲ ਹੁਰਾਂ ਵਾਲਾ ਦਲ ਇਹ ਕਹਿੰਦਾ ਹੈ ਕਿ ਤੁਸੀਂ ਪੰਜਾਂ ਵਰ੍ਹਿਆਂ ਪਿੱਛੋਂ ਸਾਡਾ ਮਕਾਨ ਖਾਲੀ ਕਰਨਾ ਮੰਨਿਆ ਸੀ, ਹੁਣ 14 ਵਰ੍ਹੇ ਹੋ ਚੁੱਕੇ ਹਨ, ਸੋ ਕਿਰਪਾ ਕਰੋ ਤੇ ਇਹ ਮਕਾਨ ਖਾਲੀ ਕਰੋ। ਇਸ ਦੇ ਬਦਲੇ ਵਿੱਚ ਕੋਈ ਹੋਰ ਪੰਜਾਬੀ-ਬੋਲਦਾ ਇਲਾਕਾ ਹਰਿਆਣੇ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਤੁਸੀਂ ਬੋਲੀ ਦੇ ਮਾਹਿਰਾਂ ਦਾ ਕਮਿਸ਼ਨ ਬਣਾਓ। ਇਹ ਕਮਿਸ਼ਨ ਪੰਜਾਬ ਤੇ ਇਸ ਦੇ ਗਵਾਂਢੀ ਰਾਜਾਂ ਦੀਆਂ ਸਰਹੱਦਾਂ ਦੇ ਨਾਲ-ਲੱਗਦੇ ਇੱਕ ਇੱਕ ਪਿੰਡ ਦੀ ਬੋਲੀ ਬਾਰੇ ਨਿਰਣਾ ਕਰੇ। ਸਾਨੂੰ ਕਮਿਸ਼ਨ ਦਾ ਨਿਰਪੱਖ ਨਿਰਣਾ ਮਨਜ਼ੂਰ ਹੋਵੇਗਾ। ਇਹ ਮੰਗ ਇੱਕ ਸਿੱਧੇ ਅਨਿਆਂ ਨੂੰ ਦੂਰ ਕਰਨ ਤੇ ਇਕ ਰਾਜ-ਪ੍ਰਬੰਧਕ ਵਿਕਾਰ ਨੂੰ ਸੂਤ ਕਰਦੀ ਹੈ। ਜੇ ਤੰਗ ਫਿਰਕੂ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਪੰਜਾਬ ਅਸੈਂਬਲੀ ਲਈ ਚੰਡੀਗੜ੍ਹ ਦੀਆਂ ਤਿੰਨ ਸੀਟਾਂ ਵਿੱਚੋਂ ਅਕਾਲੀ ਦਲ ਸ਼ਾਇਦ ਇੱਕ ਵੀ ਨਾ ਲੈ ਸਕੇ ਤੇ ਫਾਜ਼ਿਲਕਾ-ਅਬੋਹਰ ਵਾਲੀਆਂ ਸੀਟਾਂ ਵਿੱਚੋਂ ਵੀ ਸ਼ਾਇਦ ਹੀ ਕਿਸੇ ਸੀਟ ਉਤੇ ਕਬਜ਼ਾ ਕਰ ਸਕੇ। ਇਸ ਲਈ ਚੰਡੀਗੜ੍ਹ ਤੇ ਗਵਾਂਢੀ ਰਾਜਾਂ ਵਿੱਚ ਧੱਕੇ ਨਾਲ ਜੁੜੇ ਹੋਏ ਪੰਜਾਬੀ ਪਿੰਡਾਂ ਦੀ ਵਾਪਸੀ ਦੀ ਮੰਗ ਵੀ ਬਿਲਕੁੱਲ ਗੈਰ-ਫਿਰਕੂ ਵਿਧਾਨਕ ਤੇ ਹੱਕੀ ਹੈ। 18 ਅਪਰੈਲ, 1966 ਨੂੰ ਪੰਜਾਬ ਦੀ ਨਵੀਂ ਹੱਦ-ਬੰਦੀ ਕਮਿਸ਼ਨ ਉਤੇ, ਉਦੋਂ ਦੇ ਗ੍ਰਹਿ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ ਵੱਲੋਂ ਸ਼ਰਤ ਲਾਈ ਗਈ ਸੀ ਕਿ ਤਹਿਸੀਲ ਦੀ ਇਕਾਈ ਵਿੱਚ ਕੋਈ ਕੱਟ-ਵੱਢ ਨਹੀਂ ਕਰਨੀ, ਪਰ ਆਂਧਰਾ ਪ੍ਰਦੇਸ਼ ਤੇ ਮਦਰਾਸ ਦੀ ਹੱਦ ਬੰਦੀ ਲਈ ਕਾਇਮ ਹੋਏ ਕਮਿਸ਼ਨ ਨੂੰ ਇਸੇ ਕੇਂਦਰ ਵੱਲੋਂ ਹਦਾਇਤ ਸੀ ਕਿ ਫੈਸਲੇ ਵੇਲੇ ਨਿਰੋਲ ਪਿੰਡ ਦੀ ਇਕਾਈ ਦਾ ਹੀ ਖਿਆਲ ਰੱਖਣਾ ਹੈ। ਜੇ ਕੇਂਦਰ ਵੱਲੋਂ ਪੰਜਾਬ ਨਾਲ ਇਸ ਤਰ੍ਹਾਂ ਦਾ ਵਿਤਕਰਾ ਨਾ ਕੀਤਾ ਗਿਆ ਹੁੰਦਾ ਤਾਂ ਜਿੰਨ੍ਹਾਂ ਇਲਾਕਿਆਂ ਦੀ ਮੰਗ ਹੁਣ ਕੀਤੀ ਜਾ ਰਹੀ ਹੈ, ਇਹ ਪਹਿਲਾਂ ਹੀ ਪੰਜਾਬ ਦਾ ਹਿਸਾ ਹੋਣੇ ਸਨ। ਅਕਾਲੀ ਦਲ ਹੀ ਨਹੀਂ, ਪੰਜਾਬ ਦੀਆਂ ਸਭ ਸਾਹਿਤਕ ਤੇ ਸੱਭਿਆਚਾਰਕ ਤੇ ਸਿਆਸੀ ਪਾਰਟੀਆਂ ਇਸ ਮੰਗ ਉਤੇ ਇੱਕ ਹਨ।

## (ੲ) ਪਾਣੀ ਦਾ ਮਾਮਲਾ

ਪਾਣੀ ਦਾ ਝਗੜਾ ਬੜਾ ਗੰਭੀਰ ਹੈ ਕਿਉਂਕਿ ਹਰ ਰਾਜ ਦਾ ਕਿਸਾਨ ਵਧੇਰੇ ਪਾਣੀ ਦਾ ਇੱਛੁਕ ਹੈ। ਇਸੇ ਲਈ ਅਕਾਲੀ ਦਲ ਕਹਿੰਦਾ ਹੈ ਕਿ ਅਸੀਂ ਕਿਸੇ ਗਵਾਂਢੀ ਰਾਜ ਨਾਲ ਕਿਸੇ ਤਰ੍ਹਾਂ ਦਾ ਅਨਿਆਂ ਨਹੀਂ ਕਰਨਾ ਚਾਹੁੰਦੇ, ਸੋ ਕਿਰਪਾ ਕਰਕੇ ਇਹ ਮਾਮਾਲਾ ਭਾਰਤ ਦੀ ਸਭ ਤੋਂ ਉਚੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ ਜਾਵੇ। ਉਹ ਜੋ ਵੀ ਫੈਸਲਾ ਦੇਵੇਗੀ, ਉਹ ਸਾਨੂੰ ਮਨਜ਼ੂਰ ਹੋਵੇਗਾ। ਇਸ ਤੋਂ ਵੱਧ ਨਿਆਂ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਹੈ? ਜੱਜ ਸਰਕਾਰ ਆਪ ਲਾਉਂਦੀ ਹੈ; ਕਾਨੂੰਨ ਵੀ ਸਰਕਾਰ ਦੇ ਆਪਣੇ ਬਣਾਏ ਹੋਏ ਹਨ ਤੇ ਅਕਾਲੀ

(ਬਾਕੀ ਪੰਨਾ 16 ਤੇ)

WHEATON
PONTIAC BUICK GMC
LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇੱਕ ਵਾਰ ਦਰਸ਼ਨ ਜਰੂਰ ਦਿਓ।






Kuldip Singh Jhand

ਕੁਲਦੀਪ ਸਿੰਘ ਝੰਡ
ਨੂੰ ਫੋਨ ਕਰੋ ਜਾਂ ਮਿਲੋ
Bus. 526-2781
Res. 524-4137 Pager 687-7711 #7610
325 - 12th St., New Westminster, B.C.

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਅਦਿ ਹਨ- ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇੱਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SUPER BUYS

# ਪੰਜਾਬ ਦਰਪਣ

## 'ਖਾਲਿਸਤਾਨ' ਦੇ ਨਾਅਰੇ ਅਤੇ ਹੁਲੜਬਾਜ਼ੀ ਕਾਂਗਰਸੀਆਂ ਨੇ ਕਰਵਾਈ — ਸਿੰਘ ਸਾਹਿਬਾਨ

ਅੰਮ੍ਰਿਤਸਰ — ਪੰਜ ਸਿੰਘ ਸਾਹਿਬਾਨਾਂ ਨੇ ਆਪਣੇ ਦੋਸ਼ ਨੂੰ ਮੁੜ ਦੁਹਰਾਇਆ ਹੈ ਕਿ ਪਹਿਲੀ ਅਕਤੂਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਹੁਲੜਬਾਜ਼ੀ ਕਾਂਗਰਸੀਆਂ ਨੇ ਕਰਵਾਈ ਅਤੇ 'ਖਾਲਿਸਤਾਨੀ' ਨਾਅਰੇ ਲਵਾਏ

ਉਨ੍ਹਾਂ ਕਿਹਾ ਹੈ ਕਿ ਹੁਣ ਇਹ ਗੱਲ ਸਪੱਸ਼ਟ ਹੋ ਗਈ ਹੈ ਕਿਉਂਕਿ ਸ੍ਰੀ ਅਕਾਲ ਤਪਤ ਸਾਹਿਬ ਤੇ ਹੁਲੜਬਾਜ਼ੀ ਕਰਨ ਵਾਲੇ 100 ਵਿਅਕਤੀ ਕਾਂਗਰਸੀ ਲੀਡਰਾਂ ਦੇ ਕਹਿਣ ਤੇ ਛੱਡ ਦਿਤੇ ਗਏ ਹਨ। ਜਿਨ੍ਹਾਂ ਵਿਅਕਤੀਆਂ ਨੂੰ ਛੁਡਾਇਆ ਗਿਆ ਉਨ੍ਹਾਂ ਦੀ ਸਿਫਾਰਸ਼ ਕਾਂਗਰਸੀ ਐਮ. ਐਲ. ਏ. ਨੇ ਕੀਤੀ

ਸਿੰਘ ਸਾਹਿਬਾਨ ਨੇ ਮੁੜ ਦੋਸ਼ ਲਾਇਆ ਕਿ ਪੁਲਸ ਨੇ ਹੁਲੜਬਾਜ਼ਾਂ ਨੂੰ ਛੱਡ ਕੇ ਬੇਗੁਨਾਹ ਬੰਦੇ ਫੜ ਲਏ ਹਨ।

ਸਿੰਘ ਸਾਹਿਬਾਨ ਨੇ ਜਲੰਧਰ ਤੋਂ ਛਪਦੇ ਇਕ ਅਖਬਾਰ ਦੀ ਵੀ ਨੁਕਤਾਚੀਨੀ ਕੀਤੀ ਜਿਸਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਵਿਰੁਧ ਸੰਗੀਨ ਦੋਸ਼ ਲਾਏ ਹਨ। ਸਿੰਘ ਸਾਹਿਬਾਨ ਨੇ ਕਿਹਾ ਕਿ ਜਥੇਦਾਰ ਟੌਹੜਾ ਵਿਰੁਧ ਪ੍ਰਚਾਰ ਕਰਕੇ ਇਹ ਲੋਕ ਅਕਾਲੀ ਦਲ ਦੀ ਏਕਤਾ ਨੂੰ ਤਬਾਹ ਕਰਨਾ ਚਾਹੁੰਦੇ ਹਨ।

## ਬਾਬਾ ਖੜਕ ਸਿੰਘ ਤੇ ਬਾਬਾ ਦਰਸ਼ਨ ਸਿੰਘ ਵਲੋਂ 'ਕਾਰ ਸੇਵਾ' ਜ਼ੋਰਾਂ ਤੇ

ਅੰਮ੍ਰਿਤਸਰ — ਬਾਬਾ ਖੜਕ ਸਿੰਘ ਤੇ ਬਾਬਾ ਦਰਸ਼ਨ ਸਿੰਘ ਵਲੋਂ ਸਰੋਵਰ ਦੀ ਕਾਰ ਸੇਵਾ ਜ਼ੋਰਾਂ ਨਾਲ ਚੱਲ ਰਹੀ ਹੈ। ਪਹਿਲਾਂ ਬਾਬਾ ਦਰਸ਼ਨ ਸਿੰਘ ਨੇ ਕਿਹਾ ਸੀ ਕਿ ਫੌਜਾਂ ਦੇ ਕੁਝ ਦਸਤੇ ਜੋ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ ਅਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹਨ, ਉਹ ਬਾਹਰ ਕੱਢੇ ਜਾਣ ਕਿਉਂਕਿ ਸੰਗਤਾਂ ਦਾ ਧਿਆਨ 'ਕਾਰ ਸੇਵਾ' ਸਮੇਂ ਕਿਸੇ ਹੋਰ ਪਾਸੇ ਨਹੀਂ ਲੱਗਣਾ ਚਾਹੀਦਾ।

2 ਅਕਤੂਬਰ ਨੂੰ 7 ਬਿਜਲੀ ਦੇ ਪੰਪ ਸਰੋਵਰ ਦਾ ਪਾਣੀ ਕੱਢਣ ਤੇ ਲਾਏ ਗਏ ਸਨ। ਸਮੁੱਚਾ ਪਾਣੀ 6 ਅਕਤੂਬਰ ਤੱਕ ਕੱਢ ਦਿਤੇ ਜਾਣ ਦੀ ਖਬਰ ਹੈ।

ਆਸ ਕੀਤੀ ਜਾਂਦੀ ਹੈ ਕਿ 23 ਅਕਤੂਬਰ ਤੱਕ ਦੁਬਾਰਾ ਪਵਿਤਰ ਜਲ ਨਾਲ ਸਰੋਵਰ ਭਰ ਦਿਤਾ ਜਾਵੇਗਾ।



ਮੁਰੰਮਤ ਕਰਨ ਦੇ ਯਤਨ ਜਾਰੀ ਹਨ

## ਨਸਲਵਾਦੀ ਵਿਤਕਰੇ ਕਾਰਨ ਕੀਗਸਟਰਾ ਕਟਹਿਰੇ ਵਿਚ

ਰੈਡ ਡੀਅਰ — ਵੱਖ ਵੱਖ ਫਿਰਕਿਆਂ ਵਿਚ ਨਫਰਤ ਫੈਲਾਉਣ ਦੇ ਦੋਸ਼ ਹੇਠ ਜਿਮ ਕੀਗਸਟਰਾ ਅੱਜ ਕੱਲ੍ਹ ਕਟਹਿਰੇ ਵਿਚ ਹਨ। ਕੀਗਸਟਰਾ ਤੇ ਕਥਿਤ ਦੋਸ਼ ਹੈ ਕਿ ਉਸਨੇ ਯਹੂਦੀਆਂ ਵਿਰੁਧ ਨਫਰਤ ਫੈਲਾਈ।


## ਦੋ ਸੇਲਜ਼ਮੈਨਾਂ ਦੀ ਲੋੜ

ਇਕ ਬਿਜ਼ਨਿਸ ਲਈ ਦੋ ਸੇਲਜਮੈਨਾਂ ਦੀ ਲੋੜ ਹੈ। ਉਮੀਦਵਾਰ ਨੂੰ ਪੰਜਾਬੀ ਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਚੰਗੀ ਤਰ੍ਹਾਂ ਆਉਣੀਆਂ ਜ਼ਰੂਰੀ ਹਨ। ਟਰੇਨਿੰਗ ਦਿਤੀ ਜਾਵੇਗੀ। ਚਿੱਠੀ ਪੱਤਰ ਇਸ ਪਤੇ ਤੇ ਕਰੋ :

A.S.C. (1061)
C/O CANADA DARPAN
P.O.BOX 67344 STN. 0
Vancouver, B.C.



# ਭਾਰਤੀ ਗਹਿਣਿਆਂ ਦੇ ਮਾਹਿਰ

# SINGH JEWELLERS MANUFACTURING & REPAIRING LTD.


Bhagwant Singh Sadurah

5178 Victoria Drive, Vancouver, B.C.

**Phone (604) 321 - 2772**



**ਸਿੰਘ ਜਿਊਲਰਜ਼** - ਜਿਥੇ ਮੀਨਾਕਾਰੀ ਹੱਥੀਂ ਕੀਤੀ ਜਾਂਦੀ ਹੈ ਅਤੇ ਜਿਨ੍ਹਾਂ ਦਾ 35 ਸਾਲਾਂ ਦਾ ਪੁਰਾਣਾ ਤਜਰਬਾ ਹੈ

ਆਪਣੇ ਮਨ ਭਾਉਂਦੇ ਗਹਿਣੇ ਬਨਵਾਉਣ ਲਈ ਸਿੰਘ ਜਿਊਲਰਜ਼ ਦੀ ਦੁਕਾਨ ਤੇ ਪਹੁੰਚੋ!



**Specialists** in Fine Canadian, Punjabi and Hindustani Jewellery ...... We do your design work.

10,14 & 18 Karat Gold chains and bracelets

**22 K Gold Manufacturing Canadian - Style Gold and silver chains**

# ਸਾ ਹਿ ਤ ਦ ਰ ਪ ਣ

## ਕਹਾਣੀ:

## ਅਸ਼ੀਰਵਾਦ

□ ਸਾਧੂ, ਵੈਨਕੂਵਰ

ਗੁਰਜੀਤ ਦੀ ਮਾਂ ਤੇ ਡੈਡੀ ਇੰਨੀ ਛੇਤੀ ਇੰਡੀਆ ਤੋਂ ਕਿਉਂ ਮੁੜ ਆਏ ਸਨ? ਉਹ ਤਾਂ ਸਾਲ ਭਰ ਦੇ ਖੁਲ੍ਹੇ ਕਿਰਾਏ ਤੇ ਗਏ ਸਨ। ਪਰ ਬਿਨਾਂ ਕਿਸੇ ਚਿੱਠੀ, ਤਾਰ ਜਾਂ ਫੋਨ ਕਰਨ ਦੇ, ਦੋ ਹਫਤਿਆਂ ਵਿੱਚ ਹੀ ਕਿਉਂ ਮੁੜ ਆਏ ਸਨ ਗੁਰਜੀਤ ਬਹੁਤ ਗੰਭੀਰ ਬੈਠਾ ਸੀ ਤੇ ਗੁੰਝਲ ਨੂੰ ਖੋਲ੍ਹਣ ਦਾ ਜਤਨ ਕਰ ਰਿਹਾ ਸੀ। ਉਹਨੂੰ ਮਾਂ ਦੇ ਚੇਹਰੇ ਤੋਂ ਸਾਫ ਦਿਸਦਾ ਸੀ ਕਿ ਜਿਵੇਂ ਉਹ ਕੋਈ ਗੱਲ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਜਿਵੇਂ ਅੰਦਰ ਦੇ ਕਿਸੇ ਦਰਦ ਨੂੰ ਦੱਬ ਕੇ ਚਿਹਰੇ ਤੇ ਖੁਸ਼ੀ ਦਾ ਬੁਰਕਾ ਪਾ ਰਹੀ ਹੋਵੇ।

ਉਹ ਆਪਣੇ ਮਾਂ ਪਿਉ ਨਾਲ ਆਮ ਕਰਕੇ ਕਿਸੇ ਵੀ ਗੱਲ ਤੇ ਸਹਿਮਤ ਨਹੀਂ ਸੀ ਹੁੰਦਾ ਅਤੇ ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਜਿਉਂਦਾ ਸੀ। ਪਰ ਫੇਰ ਵੀ ਉਹ ਦੋਹਾਂ ਨੂੰ ਹੱਦੋਂ ਵੱਧ ਪਿਆਰ ਕਰਦਾ ਸੀ। ਉਹਦੀ ਮਾਂ ਤੇ ਡੈਡੀ ਦੋਵੇਂ ਹੀ ਉਹਦੇ ਕੈਨੇਡਾ ਵਿੱਚ ਚੱਲ ਰਹੀ ਕਿਸੇ ਇਨਕਲਾਬੀ ਲਹਿਰ ਵਿੱਚ ਹਿੱਸਾ ਲੈਣ ਦੇ ਬਹੁਤ ਵਿਰੋਧੀ ਸਨ। ਉਹ ਹਮੇਸ਼ਾਂ ਉਹਨਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦਾ ਕਿ ਉਹ ਇਸ ਤਰ੍ਹਾਂ ਦੇ ਕੰਮ ਕਿਉਂ ਕਰਦਾ ਸੀ। ਪਰ ਉਹਦਾ ਡੈਡੀ ਤਾਂ ਜਿਵੇਂ ਅਜੇਹੇ ਮੌਕੇ ਕੰਨ ਬੰਦ ਕਰ ਲੈਂਦਾ, ਕਦੀ ਵੀ ਉਹਦੀ ਗੱਲ ਨਾਲ ਸਹਿਮਤ ਨਾ ਹੁੰਦਾ।

ਗੁਰਜੀਤ ਅਕਸਰ ਆਪਣੇ ਡੈਡੀ ਨਾਲ ਸਿਆਸੀ ਮਾਮਲਿਆਂ ਤੇ ਬਹਿਸ ਕਰਦਾ ਰਹਿੰਦਾ। ਕਦੀ ਕਦੀ ਉਹ ਬਹੁਤ ਜੋਸ਼ ਵਿੱਚ ਆ ਜਾਂਦਾ। "ਡੈਡੀ ਤੂੰ ਮੈਨੂੰ ਇਹ ਦੱਸ ਕਿ ਤੁਸੀਂ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨੂੰ ਬਾਕੀ ਗੁਰੂਆਂ ਨਾਲੋਂ ਜ਼ਿਆਦਾ ਮਹੱਤਤਾ ਕਿਉਂ ਦਿੰਦੇ ਹੋ? ਇਸੇ ਕਰਕੇ ਹੀ ਨਾ ਕਿ ਉਹਨਾਂ ਨੇ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਈ। ਗੁਰੂ ਨਾਨਕ ਨੇ ਬਾਬਰ ਦੇ ਵਿਰੁੱਧ ਲਿਖਿਆ ਤੇ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਦੀ ਖੁਸ਼ਹਾਲੀ ਲਈ ਆਪਣਾ ਸਭ ਕੁੱਝ ਵਾਰ ਦਿੱਤਾ। ਤੁਸੀਂ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਕੁਰਬਾਨੀਆਂ ਦੇਣ ਵਾਲੇ ਲੋਕਾਂ ਨੂੰ ਕਿਉਂ ਵੱਡਾ ਗਿਣਦੇ ਹੋ?" ਗੁਰਜੀਤ ਬੜਾ ਗਰਮ ਹੋ ਜਾਂਦਾ। ਅਜੇਹੇ ਮੌਕੇ ਉਹਦੇ ਡੈਡੀ ਲਈ ਉਹਨੂੰ ਚੁੱਪ ਕਰਾਉਣਾ ਔਖਾ ਹੋ ਜਾਂਦਾ।

ਕਈ ਵਾਰੀ ਗੁਰਜੀਤ ਦਾ ਡੈਡੀ ਉਹਨੂੰ ਝਾੜ ਝੰਬ ਦਿੰਦਾ, "ਤੂੰ ਕਾਕਾ ਬਾਹਲਾ ਤਹਾਂ ਨਾ ਉਠਿਆ ਕਰ, ਕਿਤੇ ਬੁਰਾ ਡਿਗੇਂਗਾ। ਤੂੰ ਅਜੇ ਕੱਲ ਦਾ ਛੋਕਰਾ ਆਪਣਾ ਮੁਕਾਬਲਾ ਗੁਰੂਆਂ ਨਾਲ ਕਰਦਾ ਫਿਰਦਾਂ। ਉਹ ਆਦਮੀ ਤੋਂ ਬਹੁਤ ਉਚੇ ਸਨ, ਘਟ ਘਟ ਦੀ ਜਾਨਣ ਵਾਲੇ ਸਨ। ਉਨ੍ਹਾਂ ਨੇ ਇਸ ਜਨਮ ਵਿੱਚ ਆਉਣ ਲਈ ਕਈ ਕਈ ਵਰ੍ਹੇ ਜਤ ਸਤ ਕੀਤਾ ਹੋਇਆ ਸੀ। ਤੂੰ ਤੇ ਇੱਕ ਛੋਟੇ ਜਿਹੇ ਜੀਵ ਵਾਂਗ ਏਂ ਇਸ ਧਰਤੀ ਤੇ। ਤੈਨੂੰ ਚਾਹੀਦਾ ਆ ਤੂੰ ਆਪਣੀ ਜ਼ਿੰਦਗੀ ਉਹਨਾਂ ਮਹਾਂਪੁਰਸ਼ਾਂ, ਮਹਾਂ ਆਤਮਾਵਾਂ ਦੇ ਸਿਮਰਨ ਵਿੱਚ ਲਾ ਦੇਵੇਂ। ਪਰ ਤੂੰ, ਤੂੰ ਉਨ੍ਹਾਂ ਦੀਆਂ ਇਦਾਂ ਗੱਲਾਂ ਕਰਦੈਂ ਜਿਵੇਂ ਉਹ ਵੀ ਤੇਰੇ ਵਰਗੇ ਆਮ ਮਨੁੱਖ ਹੋਣ ਮੈਂ ਤੈਨੂੰ ਦੱਸ ਦਿੰਨੈਂ ਇਸ ਘਰ ਵਿੱਚ ਤੈਨੂੰ ਉਹਨਾਂ ਦਾ ਨਾਂ ਇੱਜ਼ਤ ਨਾਲ ਲੈਣਾ ਪਵੇਗਾ ਨਹੀਂ ਤਾਂ ਮੈਥੋਂ ਬੁਰਾ ਕੋਈ ਨਹੀਂ। ਗੁਰਜੀਤ ਆਪਣੇ ਡੈਡੀ ਦੇ ਸੁਭਾਅ ਨੂੰ ਜਾਣਦਾ ਸੀ। ਉਹ ਬੜੀ ਚਾਲਾਕੀ ਨਾਲ ਗੱਲ ਪਾਸੇ ਪਾ ਦਿੰਦਾ।

ਕਈ ਵਾਰ ਗੁਰਜੀਤ ਬੜੀ ਤਸੱਲੀ ਨਾਲ ਹੌਲੀ ਹੌਲੀ ਗੱਲਾਂ ਕਰਦਾ ਤੇ ਡੈਡੀ ਨੂੰ ਦੁਨੀਆਂ ਵਿੱਚ ਵਾਪਰ ਰਹੀਆਂ ਗੱਲਾਂ ਤੋਂ ਜਾਣੂ ਕਰਾਉਣ ਦੀ ਕੋਸ਼ਿਸ਼ ਕਰਦਾ। ਉਹ ਬੜੇ ਨੇੜੇ ਦੀਆਂ ਮਿਸਾਲਾਂ ਦਿੰਦਾ, "ਦੇਖ ਡੈਡੀ ਆਪਾਂ ਇੱਥੇ ਕੈਨੇਡਾ ਵਿੱਚ ਰਹਿੰਦੇ ਹਾਂ ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਇਹੀ ਹੈ ਕਿ ਅਸੀਂ ਹਿੰਦੁਸਤਾਨ ਵਿੱਚ ਇਹ ਸਭ ਕੁਝ ਨਹੀਂ ਕਰ ਸਕਦੇ ਜੋ ਕੁੱਝ ਇੱਥੇ ਕਰ ਸਕਦੇ ਹਾਂ। ਇੱਥੇ ਵੀ ਆਪਾਂ ਉਹੋ ਜਿਹੀ ਸਖਤ ਮਿਹਨਤ ਕਰਦੇ ਹਾਂ ਜਿਹੋ ਜਿਹੀ ਤੁਸੀਂ ਆਪਣੇ ਖੇਤਾਂ ਵਿੱਚ ਕਰਿਆ ਕਰਦੇ ਸੀ। ਪਰ ਇੱਥੇ ਸਾਨੂੰ ਸਾਡੀ ਮਜ਼ਦੂਰੀ ਦੇ ਪੈਸੇ ਮਿਲ ਜਾਂਦੇ ਹਨ। ਪੈਸਿਆਂ ਦੀਆਂ ਖਾਣ ਨੂੰ ਖਾਲਸ ਚੀਜ਼ਾਂ ਮਿਲ ਜਾਂਦੀਆਂ ਹਨ। ਅਸੀਂ ਕਾਰਾਂ ਲੈ ਸਕਦੇ ਹਾਂ, ਆਰਾਮ ਦੀਆਂ ਨਿੱਕੀਆਂ ਮੋਟੀਆਂ ਚੀਜ਼ਾਂ, ਜਿਨ੍ਹਾਂ ਨੂੰ ਹਾਸਲ ਕਰਨਾ ਹਿੰਦੁਸਤਾਨ ਵਿੱਚ ਮੁਸ਼ਕਲ ਹੀ ਨਹੀਂ ਕਈ ਵਾਰੀ ਤਾਂ ਮਿਲਦੀਆਂ ਹੀ ਨਹੀਂ। ਇਹ ਗੱਲ ਨਹੀਂ ਕਿ ਹਿੰਦੁਸਤਾਨ ਵਿੱਚ ਅਜਿਹੀਆਂ ਚੀਜ਼ਾਂ ਹੈ ਹੀ ਨਹੀਂ ਜਾਂ ਹੋ ਨਹੀਂ ਸਕਦੀਆਂ। ਗੱਲ ਤਾਂ ਸਿਰਫ ਇੰਨੀ ਹੈ ਕਿ ਉਥੇ ਦੀ ਸਰਕਾਰ ਗਰੀਬ ਲੋਕਾਂ ਬਾਰੇ ਸੋਚਦੀ ਹੀ ਨਹੀਂ। ਉਥੋਂ ਦੇ ਜ਼ਖੀਰੇਬਾਜ਼ਾਂ ਸਮੱਗਲਰਾਂ ਤੇ ਪੁਲਿਸ ਦੇ ਰਲਵੇਂ ਧੜਿਆਂ ਨੇ ਆਮ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਰੱਖੀ ਹੈ।"

ਇਸ ਤਰ੍ਹਾਂ ਗੁਰਜੀਤ ਹੌਲੀ ਹੌਲੀ ਆਪਣੀਆਂ ਗੱਲਾਂ ਦੱਸਦਾ ਰਹਿੰਦਾ। ਉਹਦੇ ਡੈਡੀ ਨੂੰ ਕਈ ਗੱਲਾਂ ਸਹੀ ਵੀ ਲੱਗਦੀਆਂ ਪਰ ਉਹ ਗੁਰਜੀਤ ਨੂੰ ਮੰਨਣ ਲਈ ਤਿਆਰ ਨਾ ਹੁੰਦਾ ਤੇ ਪੈਂਤੜਾ ਬਦਲ ਕੇ ਉਹਨੂੰ ਕਹਿੰਦਾ, "ਮੰਨ ਲਿਆ ਕੇ ਤੇਰੀਆਂ ਗੱਲਾਂ ਸਹੀ ਹਨ ਤੇ ਉਥੋਂ ਦੇ ਲੋਕਾਂ ਦੀ ਗਰੀਬੀ ਦਾ ਕਾਰਨ ਸਰਕਾਰ ਹੈ ਤੇ ਭਾਵੇਂ ਇਹ ਸਭ ਕੁੱਝ ਆਪਣੇ ਆਪ ਨਹੀਂ ਬਦਲ ਹੋਣਾ। ਪਰ ਪੁੱਤ ਸਾਡੀ ਤਾਂ ਤੇਰੇ ਅੱਗੇ ਹੱਥ ਬੰਨ੍ਹ ਕੇ ਬੇਨਤੀ ਏ ਤੂੰ ਸਾਡਾ ਇੱਕੋ ਇੱਕ ਸਭ ਕੁੱਝ ਏ, ਤੇਰੇ ਬਿਨਾਂ ਅਸੀਂ ਕੀ ਤੇ ਸਾਡਾ ਸਭ ਕੁੱਝ ਕੀ? ਤੇਰਾ ਸਾਡੇ ਵੱਲ ਵੀ ਕੋਈ ਫਰਜ਼ ਬਣਦਾ ਏ ਕਿ ਨਹੀਂ। ਨਾਲੇ ਆਪਾਂ ਨੂੰ ਹੁਣ ਉਥੇ ਜਾਣ ਦੀ ਵੀ ਕੀ ਜ਼ਰੂਰਤ ਹੈ ਇਥੇ ਬੜਾ ਸੁਹਣਾ ਗੁਜ਼ਾਰਾ ਹੋਈ ਜਾਂਦਾ। ਮੈਂ ਵੀ ਕੰਮ ਕਰਦਾ ਤੂੰ ਵੀ ਕਰਦਾ ਤੇਰੀ ਮਾਂ ਵੀ ਥੋੜ੍ਹਾ ਬਾਹਲਾ ਫਾਰਮਾਂ ਵਿੱਚ ਕਰ ਲੈਂਦੀ ਆ ਦੱਸ ਤੈਨੂੰ ਕੀ ਜ਼ਰੂਰਤ ਆ ਜਾ ਕੇ ਸਿਰ ਦਿੰਦਾ ਫਿਰੇਂ, ਉਥੇ ਲੋਕਾਂ ਨੂੰ ਜਦੋਂ ਅਕਲ ਆ ਗਈ ਆਪੇ ਵਾਹਿਗੁਰੂ ਦੀ ਮੱਦਦ ਨਾਲ ਕੁੱਝ ਕਰ ਲੈਣਗੇ।" ਤੇ ਉਹ ਗੁਰਜੀਤ ਨੂੰ ਲਾਡ ਲਡਾ ਕੇ ਮਨਾਉਣ ਦੀ ਕੋਸ਼ਿਸ਼ ਕਰਦਾ। ਅਜਿਹੇ ਮੌਕੇ ਗੁਰਜੀਤ ਦੀ ਮਾਂ ਜਿਹੜੀ ਅਕਸਰ ਚੁੱਪ ਕਰਕੇ ਪਿਉ-ਪੁੱਤ ਦੀਆਂ ਸੁਣਦੀ ਰਹਿੰਦੀ, ਮਮਤਾ ਵਿੱਚ ਡੁੱਬੀ ਬੋਲ ਪੈਂਦੀ, "ਪੁੱਤ ਸਿਆਣਿਆਂ ਦੇ ਕਹੇ ਲੱਗੀ ਦਾ। ਦੇਖ ਸੁਹਣਿਆ ਅਸੀਂ ਸਾਰੀ ਉਮਰ ਪਹਿਲਾਂ ਦੇਸ ਹੁਣ ਇਥੇ ਜਿਹੜੀ ਖੇਰੀ ਖੋਤਦੇ ਰਹੇ ਹਾਂ ਉਹ ਸਭ ਤੇਰੇ ਲਈ ਹੀ ਕਰਦੇ ਰਹੇ ਹਾਂ। ਤੂੰ ਹੁਣ ਬੁੱਢੇ ਬਾਰੇ ਸਾਡਾ ਸਹਾਰਾ ਨਾ ਬਣੇਗਾ ਤਾਂ ਹੋਰ ਕੌਣ ਬਣੇਗਾ। ਅਸੀਂ ਹੁਣ ਜਦੋਂ ਇੰਡੀਆ ਨੂੰ ਗਏ ਤਾਂ ਆਪਣੇ ਪੁੱਤ ਲਈ ਕੋਈ ਪੜ੍ਹੀ ਲਿਖੀ ਪਰੀਆਂ ਵਰਗੀ ਕੁੜੀ ਟੋਲ ਲਿਆਉਣੀ ਆਂ। ਤੂੰ ਆਪਣੇ ਡੈਡੀ ਦੇ ਕਹਿਣੇ ਲੱਗਿਆ ਕਰ ਸੁਹਣਿਆ।" ਗੁਰਜੀਤ ਮਾਂ ਦੀ ਪਿਆਰ ਕਹਾਣੀ ਸਮਝਦਾ ਚੁੱਪ ਕਰ ਰਹਿੰਦਾ। ਪਰ ਉਹ ਆਪਣੇ ਕੰਮਾਂ ਤੋਂ ਕਦੀ ਨਾ ਡੋਲ੍ਹਦਾ।

ਉਹਦੇ ਮਾਂ-ਪਿਉ ਇਕੱਲੇ ਬੈਠੇ ਫਿਕਰਾਂ 'ਚ ਪਏ ਰਹਿੰਦੇ। ਮਾਂ ਪੁੱਤ ਤੋਂ ਆਸ ਨਾ ਲਾਹੁੰਦੀ ਤੇ ਆਪਣੇ ਘਰ ਵਾਲੇ ਨੂੰ ਹੌਸਲਾ ਦਿੰਦੀ, "ਅਜੇ ਨਿਆਣਾ, ਖੂਨ ਗਰਮ ਆ ਆਪੇ ਸਮਝ ਜਾਵੇਗਾ। ਗੁਰਜੀਤ ਦੇ ਡੈਡੀ, ਤੁਸੀਂ ਐਵੇਂ ਫਿਕਰ ਨਾ ਕਰਿਆ ਕਰੋ, ਆਪਣੀ ਸਿਹਤ ਦਾ ਵੀ ਖਿਆਲ ਰੱਖਿਆ ਕਰੋ।" ਦੋ ਬੁੱਢੇ ਹੋਈ ਜਾਂਦੇ ਚਿਹਰੇ ਪੁੱਤ ਦੇ ਫਿਕਰ ਵਿੱਚ ਝੁਰੜੀਆਂ ਇਕੱਠੀਆਂ ਕਰੀ ਜਾਂਦੇ। ਗੁਰਜੀਤ ਮਾਪਿਆਂ ਦੀ ਮਮਤਾ ਵਿੱਚ ਬੱਧਾ ਆਪਣੇ ਅੰਦਰ ਜੱਦੋ-ਜਹਿਦ ਕਰਦਾ ਰਹਿੰਦਾ।

ਗੁਰਜੀਤ ਘਰ ਦੇ ਬੈਠਣ ਵਾਲੇ ਕਮਰੇ ਵਿੱਚ ਬੈਠਾ ਸੋਚ ਰਿਹਾ ਸੀ। ਹੁਣੇ ਹੁਣੇ ਮਾਂ ਤੇ ਡੈਡੀ ਨੂੰ ਏਅਰਪੋਰਟ ਤੋਂ ਲੈ ਕੇ ਆਇਆ ਸੀ। ਉਹਦਾ ਡੈਡੀ ਜਿਵੇਂ ਦੋ ਵੀਕਾਂ ਵਿੱਚ ਅੱਗੇ ਨਾਲੋਂ ਅੱਧਾ ਰਹਿ ਗਿਆ ਸੀ। ਹੁਣ ਉਹ ਇੱਕ ਖੂੰਡੀ ਦੇ ਸਹਾਰੇ ਤੁਰਦਾ ਸੀ। ਮਾਂ ਨੇ ਦੱਸਿਆ ਸੀ ਕਿ ਉਹ ਤਿਲਕ ਕੇ ਡਿੱਗ ਪਿਆ ਸੀ। ਪਰ ਗੁਰਜੀਤ ਦੇ ਦਿਲ ਵਿੱਚ ਸਭ ਕੁੱਝ ਇੱਕ ਸ਼ੱਕ ਪੈਦਾ ਕਰ ਰਿਹਾ ਸੀ। ਬਾਹਰੋਂ ਉਹਦੇ ਡੈਡੀ ਨੂੰ ਮਿਲਣ ਵਾਲਾ ਕੋਈ ਆ ਗਿਆ। ਮਾਂ ਰਸੋਈ ਵਿੱਚ ਚਾਹ ਬਣਾਉਣ ਲਈ ਚਲੀ ਗਈ। ਗੁਰਜੀਤ ਵੀ ਉਠ ਕੇ ਮਾਂ ਕੋਲ ਰਸੋਈ ਵਿੱਚ ਚਲਾ ਗਿਆ। ਉਹਦੀ ਮਾਂ ਕੱਪਾਂ ਵਿੱਚ ਚਾਹ ਪਾ ਰਹੀ ਸੀ। ਮਾਂ ਨੇ ਪਹਿਲਾਂ ਤਾਂ ਉਹਦੀ ਵੱਲ ਦੇਖ ਕੇ ਹੱਸਣ ਦਾ ਯਤਨ ਕੀਤਾ ਪਰ ਜਿਵੇਂ ਇੱਕ ਦਮ ਅੰਦਰ ਕੁੱਝ ਟੁੱਟ ਗਿਆ ਹੋਵੇ। ਉਹ ਪੁੱਤ ਦੇ ਗਲ ਲੱਗ ਉਚੀ ਉਚੀ ਰੋਣ ਲੱਗ ਪਈ। ਗੁਰਜੀਤ ਵੀ ਅੱਧਾ ਭਰ ਆਇਆ ਉਹ ਮਾਂ ਨੂੰ ਫੜ ਕੁਰਸੀ ਤੇ ਬਹਾਲਦਾ ਹੋਇਆ ਪੁੱਛਣ ਲੱਗਾ, "ਮਾਂ ਗੱਲ ਤਾਂ ਦੱਸ ਕੀ ਹੋਇਆ? ਤੁਸੀਂ ਇੰਨੀ ਛੇਤੀ ਕਿਉਂ ਮੁੜ ਆਏ?" "ਪੁੱਤ ਕੀ ਦੱਸਾਂ, ਦੱਸਿਆ ਨਹੀਂ ਜਾਂਦਾ, ਹਨੇਰ ਵਰਤ ਗਿਆ ਸਾਡੇ ਨਾਲ ਤੇ। ਜਿਸ ਦਿਨ ਅਸੀਂ ਪਿੰਡ ਪਹੁੰਚੇ ਦੂਜੇ ਦਿਨ ਹੀ ਕਿਸੇ ਵੈਰੀ ਨੇ ਜਾ ਦੱਸਿਆ ਕਿ ਇਹਨਾਂ ਦਾ ਮੁੰਡਾ ਨਕਸਲਵਾੜੀਆ ਹੈ ਕੈਨੇਡਾ ਵਿੱਚ। ਪੁੱਤ ਉਹ ਸਾਨੂੰ ਦੋਹਾਂ ਨੂੰ ਰਾਤ ਨੂੰ ਫੜ ਕੇ ਠਾਣੇ ਲੈ ਗਏ। ਤੇਰੇ ਬਾਪੂ ਨੂੰ ਉਹਨਾਂ ਨੇ ਕੁੱਟਿਆ ਮਾਰਿਆ, ਤੇਰੇ ਸਾਥੀਆਂ ਬਾਰੇ ਪੁੱਛਦੇ ਸੀ। ਰੋਂਦੀ ਮਾਂ ਤੋਂ ਦੱਸਿਆ ਨਹੀਂ ਸੀ ਜਾਂਦਾ। ਉਹਨਾਂ ਪੁੱਤ ਮੇਰੀ ਵੀ ਲਾਹ ਪਾਹ ਕੀਤੀ। ਸਾਡੇ ਕੋਲ ਜੋ ਕੁੱਝ ਸੀ ਅਸੀਂ ਉਹਨਾਂ ਦੇ ਮੱਥੇ ਮਾਰਿਆ ਤੇ ਦੂਜੇ ਦਿਨ ਅਸੀਂ ਰਾਤ ਨੂੰ ਪਿੰਡੋਂ ਸਮਾਨ ਚੁੱਕ ਕੇ ਦਿੱਲੀ ਆ ਗਏ ਮਾਂ ਦਾ ਰੋਣ ਨਹੀਂ ਸੀ ਥੰਮ੍ਹਿਆ ਜਾਂਦਾ। ਗੁਰਜੀਤ ਤੇ ਜਿਵੇਂ ਕਿਸੇ ਗੋਲੀਆਂ ਦੀ ਵਾਛੜ ਕਰ ਦਿੱਤੀ ਹੋਵੇ। ਉਹ ਪੀੜ ਪੀੜ ਹੋ ਗਿਆ। ਮਾਂ ਦੇ ਮੋਢੇ ਤੇ ਹੱਥ ਰੱਖ ਪਲ ਕੁ ਖੜਾ ਹੋ ਕੇ ਘਰੋਂ ਬਾਹਰ ਨਿਕਲ ਗਿਆ।

ਉਹ ਸੜਕਾਂ ਤੇ ਇਧਰ ਉਧਰ ਕਾਰ ਦੁੜਾਉਂਦਾ ਰਿਹਾ। ਸੋਚਦਾ ਰਿਹਾ ਖਿਝਦਾ ਰਿਹਾ। ਬਦਲੇ ਦੀ ਅੱਗ ਵਿੱਚ ਜਲਦਾ ਰਿਹਾ। ਮਾ ਪਿਉ ਦਾ ਪਿਆਰ ਹਲੂਣੇ ਦਿੰਦਾ ਰਿਹਾ। ਉਹਦੇ ਫਰਜ਼ ਹਥੌੜੇ ਵਾਂਗ ਉਹਦੇ ਜਿਹਨ ਤੇ ਆ ਆ ਕੇ ਵਜਦੇ ਰਹੇ। ਜ਼ਿੰਦਗੀ 'ਚ ਪਹਿਲੀ ਵਾਰੀ ਉਹਨੂੰ ਲੱਗਾ ਕਿ ਉਹ ਹਾਰ ਜਾਵੇਗਾ। ਜੇ ਇਹੋ ਜਿਹੀ ਵਾਰਦਾਤ ਉਹਦੇ ਆਪਣੇ ਨਾਲ ਹੋਈ ਹੁੰਦੀ ਤਾਂ ਉਹਨੇ ਹੱਸਦਿਆਂ ਜਰ ਲੈਣੀ ਸੀ। ਉਹ ਆਪਣੇ ਆਪ ਨੂੰ ਹਮੇਸ਼ਾ ਐਸੇ ਮੌਕੇ ਲਈ ਤਿਆਰ ਕਰਦਾ ਰਹਿੰਦਾ ਸੀ। ਪਰ ਉਹਦਾ ਡੈਡੀ, ਜਿਹੜਾ ਰੱਬ ਦੇ ਨਾਂ ਤੋਂ ਬਿਨਾਂ ਹੋਰ ਕੁੱਝ ਸੋਚਦਾ ਵੀ ਨਹੀਂ ਸੀ, ਪੁਲਸੀਆਂ ਦੀਆਂ ਗਾਲ੍ਹਾਂ ਅਤੇ ਲੱਤਾਂ ਖਾਂਦਾ, ਉਹਦੇ ਕੋਲੋਂ ਖਿਆਲਿਆ ਵੀ ਨਹੀਂ ਸੀ ਜਾਂਦਾ। ਇੱਕ ਪਲ ਉਹਦੇ ਦਿਲ ਵਿੱਚ ਆਉਂਦਾ ਕਿ ਉਹ ਉਹਨਾਂ ਹਿਟਲਰਾਂ ਦੇ ਸੀਰਮੇ ਪੀ ਜਾਵੇਗਾ। ਦੂਜੇ ਪਲ ਹੀ ਉਹਦੇ ਦਿਲ ਵਿੱਚ ਦੀ ਇੱਕ ਪਿਆਰ-ਭਿਜੀ ਅਵਾਜ਼ ਲੰਘ ਜਾਂਦੀ ਜੋ ਕਹਿ ਰਹੀ ਹੁੰਦੀ ਅਜਿਹਾ ਕਰਨਾ ਮਾਂ-ਪਿਉ ਨੂੰ ਹੋਰ ਦੁੱਖ ਦੇਣਾ ਹੈ।

ਉਹ ਇਸ ਤਰ੍ਹਾਂ ਦੀ ਜੱਦੋ-ਜਹਿਦ ਵਿੱਚ ਪਤਾ ਨਹੀਂ ਕਿੰਨਾ ਚਿਰ ਘੁੰਮਦਾ ਰਿਹਾ। ਜਦੋਂ ਉਹ ਘਰ ਆਇਆ ਤਾਂ ਉਹਦੀ ਮਾਂ ਤੇ ਡੈਡੀ ਬੈਠਣ ਵਾਲੇ ਕਮਰੇ ਵਿੱਚ ਬੈਠੇ ਸਨ। ਦੋਹਾਂ ਦੇ ਚਿਹਰੇ ਫਿਕਰ ਤੇ ਗ਼ਮ ਦੇ ਰੰਗਾਂ ਨਾਲ ਬਣਾਏ ਚਿੱਤਰ ਲਗਦੇ ਸਨ। ਪੁੱਤ ਨੂੰ ਦੇਖ ਕੇ ਰੰਗ ਕੁੱਝ ਫਿੱਕੇ ਪਏ ਤੇ ਚਿਹਰੇ ਥੱਲਿਉਂ ਚਮਕੇ। ਮਾਂ ਉਠ ਕੇ ਪੁੱਤ ਨੂੰ ਜੱਫੀ ਵਿੱਚ ਲੈਂਦਿਆਂ ਬੋਲੀ, "ਮੈਂ ਨਿਕਰਮੀ ਤੈਨੂੰ ਕਿਹੜੇ ਵੇਲੇ ਦੱਸ ਬੈਠੀ, ਪੁੱਤ ਤੂੰ ਤੇ ਮੁੜਿਆ ਈ ਨਾ ਜਿਉਂ ਗਿਆ। ਅਸੀਂ ਦੋਵੇਂ ਜੀਅ ਫਿਕਰ 'ਚ ਬੈਠੇ ਅੱਧੇ ਹੋਈ ਜਾਈਏ। ਆ ਸੋਹਣਿਆ ਇਹੋ ਜਿਹੀਆਂ ਗੱਲਾਂ ਬਾਹਲੀਆਂ ਦਿਲ ਤੇ ਨਹੀਂ ਲਾਈਦੀਆਂ।" ਮਾਂ ਗੱਲ ਕਰਦੀ ਕਰਦੀ ਫੇਰ ਫਿਸ ਪਈ। ਗੁਰਜੀ ਦਾ ਡੈਡੀ ਸੋਟੀ ਦੇ ਸਹਾਰੇ ਸੋਫੇ ਤੋਂ ਉਠਦਾ ਬੋਲਿਆ, 'ਮੁੰਡੇ ਨੂੰ ਕੁੱਝ ਖਾਣ ਨੂੰ ਦੇਹ, ਹੁਣ ਫੇਰ ਨਾ ਰੋਣ ਲੱਗ ਜਾਈਂ, ਜਾ ਇੱਕੋ ਗੱਲ ਨੂੰ ਮੁੜ ਮੁੜ ਚੇਤੇ ਕੀਤਿਆਂ ਕੁੱਝ ਨਹੀਂ ਬਣਦਾ ਹੁੰਦਾ। ਇਹ ਆਪੇ ਸਾਡੇ ਨੌਜਵਾਨ ਮੁੰਡੇ ਉਸ ਸੱਚੇ ਪਾਤਸ਼ਾਹ ਦੀ ਮੱਦਦ ਨਾਲ ਇਸ ਹਨੇਰਗਰਦੀ ਨੂੰ ਹਟਾ ਦੇਣਗੇ।' ਗੁਰਜੀਤ ਨੂੰ ਜਿਵੇਂ ਕੰਨਾਂ ਤੇ ਯਕੀਨ ਨਾ ਆ ਰਿਹਾ ਹੋਵੇ। ਉਹਨੇ ਹੈਰਾਨੀ ਨਾਲ ਆਪਣੇ ਡੈਡੀ ਵੱਲ ਵੇਖਿਆ ਉਹਨੂੰ ਬੁੱਢੀਆਂ ਅੱਖਾਂ ਵਿੱਚ ਆਸ਼ੀਰਵਾਦ ਵਰਗੀ ਕੋਈ ਚੀਜ਼ ਚਮਕਦੀ ਦਿਸੀ ਉਹ ਆਪਣੀਆਂ ਅੱਖਾਂ ਵਿੱਚ ਖੁਸ਼ੀ ਦੇ ਅੱਥਰੂਆਂ ਵਰਗਾ ਖਾਰਾ ਪਾਣੀ ਮਹਿਸੂਸ ਕਰਦਾ ਮਾਂ ਦੇ ਮਗਰ ਰਸੋਈ ਵਲ ਚਲਾ ਗਿਆ।

---

## ਅਣਖ

**ਅਮਰਜੀਤ ਚਾਹਲ**

ਅਸੀਂ ਬੜੇ ਅਣਖੀ ਹਾਂ।
ਸਾਡੇ ਵੱਲ ਕੋਈ ਉਂਗਲ ਕਰੇ ਤਾਂ
ਅਸੀਂ ਬਾਂਹ ਲਾਹ ਦਿੰਦੇ ਹਾਂ।
ਕੋਈ ਮਾੜਾ ਝਾਕੇ
ਉਸ ਦਾ ਚੇਹਰਾ ਨੋਚ ਲੈਂਦੇ ਹਾਂ
ਅੱਖਾਂ ਕੱਢ ਦਿੰਦੇ ਹਾਂ।
ਫਿਲਹਾਲ ਹਾਲਤ ਹੀ ਅਜਿਹੇ ਨੇ
ਉਸ ਨੂੰਹ ਤੇ ਧੀ ਨੂੰ
ਜਿਨ੍ਹਾਂ ਕਦੇ — ਕਿਸੇ ਸ਼ਰੀਕ ਦੇ ਖੇਤ 'ਚੋਂ
ਸਾਗ ਦੀ ਚੀਰਨੀ ਤੱਕ ਨਹੀਂ ਸੀ ਤੋੜੀ
ਹੁਣ ਉਨ੍ਹਾਂ ਨੂੰ ਕੰਮਣਾਂ ਦੀ ਤਰ੍ਹਾਂ
ਬਿਗਾਨੇ ਖੇਤੀਂ ਕੰਮ ਕਰਨਾ ਪੈ ਰਿਹਾ ਹੈ।
ਕਿਸੇ ਮਜ਼ਬੀ ਦੀ ਬਾਟੀ ਨੂੰ
ਜੋ ਡੱਕੇ ਨਾਲ ਚੁੱਕ ਕੇ ਪਰਾਂ ਕਰਦੀਆਂ ਸਨ
ਹੁਣ ਰਾਖ-ਦਾਨੀਆਂ ਸਾਫ਼ ਕਰਦੀਆਂ ਨੇ।
ਠੇਕੇਦਾਰਾਂ ਦੇ ਛੋਕਰਿਆਂ ਜਿਹੇ ਡਰਾਈਵਰ
ਜਦ ਉਨ੍ਹਾਂ ਨੂੰ ਨੂੰਹਾਂ, ਧੀਆਂ ਨੂੰ ਆਪਣੇ ਬਰਾਬਰ ਵਾਲੀ ਸੀਟ 'ਤੇ ਬਿਠਾ
ਬਾਪੂ-ਬੇਬੇ ਨੂੰ ਕੁਕੜਾਂ ਵਾਂਗ ਤਾੜੇ
ਬਾਕੀ ਲੋਕਾਂ ਵਿਚ ਧੱਕ ਦੇਂਦੇ ਨੇ
ਨਾ ਸ਼ਰਮ ਆਉਂਦੀ ਹੈ।
ਨਾ ਅਣਖ ਹੀ ਜਾਗਦੀ ਹੈ।

ਜੋ ਹੁੰਦਾ ਹੈ
ਉਹ ਜੀਣ ਦਾ ਇਕ ਤਰਲਾ ਹੁੰਦਾ ਹੈ।
ਪਹਿਲਾਂ ਥੋੜੇ ਜਿਹੇ ਪੈਰਾਂ 'ਤੇ ਹੋ ਲਈਏ ...
ਪਹਿਲਾਂ ਕਾਰ ਲੈ ਲਈਏ .....
ਪਹਿਲਾਂ ਘਰ 'ਫਸਾ' ਲਈਏ ......
ਪਹਿਲਾਂ 'ਬੇਸਮਿੰਟ' ਬਣਾ ਕੇ ਕਰਾਏ 'ਤੇ ਦੇ ਲਈਏ ....
ਪਹਿਲਾਂ ਦੇਸ਼ ਗੇੜਾ ਮਾਰ ਆਈਏ ....
ਪਹਿਲਾਂ ਪਹਿਲਾਂ ਤੇ ਪਹਿਲਾਂ .....
ਅਜੇ ਜਦ ਇਹ ਪਹਿਲਾਂ ਸ਼ੁਰੂ ਹੁੰਦੀ ਹੈ
ਤਦ ਇਸ ਸਮਝੌਤੇ ਨਾਲ ਅਣਖ ਦੀ ਮੌਤ ਹੁੰਦੀ ਹੈ।

## ਧਰਮ

**ਅਮਰਜੀਤ ਚਾਹਲ**

ਮੈਂ ਤੁੱਛ ਬੁੱਧੀ ਦਾ ਮਾਲਕ
ਧਰਮ ਵਾਰੇ ਕੀ ਕਹਿ ਸਕਦਾ ਹਾਂ!
ਇਹ ਬੜਾ 'ਡੂੰਘਾ' ਫਲਸਫਾ ਹੈ!
ਮੈਂ ਤਾਂ ਬੱਸ ਇਨਾਂ ਜਾਣਦਾ ਹਾਂ
ਛੋਟੀ ਉਮਰ ਤੋਂ ਲੈ ਕੇ ਹੁਣ ਤੱਕ
ਕਿਸੇ ਧਰਮ ਨੇ ਮੈਨੂੰ ਰੋਟੀ ਦੀ ਬੁਰਕੀ ਤੱਕ ਨਹੀਂ ਬਖਸ਼ੀ
ਮੇਰੇ ਪਸੀਨੇ ਦੀ ਕਮਾਈ ਨੂੰ ਠੂੰਗਾ ਹੀ ਮਾਰਿਆ ਹੈ।

ਕਿਸੇ ਵੀ ਧਰਮ ਨੇ ਮੈਨੂੰ
ਬਚਪਨ ਤੋਂ ਲੈ ਕੇ ਹੁਣ ਤੱਕ
ਤਨ ਢੱਕਣ ਲਈ
ਤਨ ਦੀ ਗਲ ਤਾਂ ਦੂਰ ਰਹੀ
ਨੰਗ ਢੱਕਣ ਲਈ — ਦੋ ਗਿਠਾਂ ਲੀਰ ਨਹੀਂ ਦਿਤੀ।
ਪਰ ਜਦ ਵੀ ਇਸ ਦੇ ਝੰਡਾ ਬਰਦਾਰ ਮੇਰੇ ਘਰ ਆਏ
ਮੇਰੇ ਕੱਪੜੇ ਲਾਹੁਣ ਤੱਕ ਗਏ।

ਜਦ ਦੀ ਸੁਰਤ ਸੰਭਾਲੀ ਹੈ
ਤਦ ਤੋਂ ਲੈ ਕੇ ਹੁਣ ਤੱਕ
ਇਕ ਆਪਣਾ ਘਰ ਬਣਾਉਣ ਦਾ ਸੁਫਨਾ
ਸੀਨੇ ਵਿਚ ਛੁਪਾਈ ਫਿਰਦਾ ਹਾਂ।
ਪਤਾ ਨਹੀਂ ਕਿਨ੍ਹੀ ਕੁ ਵਾਰੀ
ਇਸ ਧਰਮ ਨੇ ਮੈਨੂੰ ਬੇ-ਘਰਾ ਕੀਤਾ ਅਤੇ ਆਪਣਾ ਵਿਹੜਾ ਮੋਕਲ੍ਹਾ।

ਮੇਰੇ ਘਰ ਵਿਚ ਇਸ ਨੇ ਵੰਡਾਂ ਪਾਈਆਂ
ਮੈਨੂੰ ਦੇਸੋਂ ਪ੍ਰਦੇਸੀ ਕੀਤਾ(ਧਰਮ ਦੇ ਅਧਾਰ ਤੇ ਹੋਈ ਦੇਸ਼ਾਂ ਦੀ ਵੰਡ।)
ਮੇਰੇ ਵਿਚ ਕੁਟ ਕੁਟ ਹੰਕਾਰ ਭਰਿਆ
ਮੈਂ ਦੁਨੀਆਂ ਦੇ ਸਭ ਧਰਮਾਂ ਤੋਂ ਉਤਮ ਧਰਮ ਦਾ ਪੈਰੋਕਾਰ ਹਾਂ
ਧਰਮ ਜੋ ਸ਼ਾਇਦ ਕਦੇ ਜੀਵਨ ਲਈ ਸੀ
ਹੁਣ ਉਲਟ ਹੋ ਗਿਆ
ਮੈਂ ਪੁੱਲਟ ਹੋ ਗਿਆ
ਸ਼ਾਇਦ ਇਸ ਕਰਕੇ ਹੀ ਸੋਚਣ ਲੱਗਾ ਹਾਂ
ਧਰਮ ਕੀ ਹੈ?
ਆਖਿਰ ਇਸ ਨੇ ਮੈਨੂੰ ਕੀ ਦਿਤਾ?
ਜੋ ਦਿਤਾ —
ਯਕੀਨਨ, ਉਹ ਮਨੁੱਖਤਾ ਨਹੀਂ ਹੈ।

---

## ਕੈਨੇਡਾ ਦੀ ਬਹਾਰ

**ਸੁੱਚਾ ਸਿੰਘ ਮਾਨ, ਨੌਰਥ ਵੈਨਕੂਵਰ**

ਅਸੀਂ ਆਏ ਇਥੇ ਕਰਨ ਬਹਾਰਾਂ, ਬਾਹਰ ਆਣ ਭੱਠ ਝੋਕੀਏ।
ਪੈਣ ਕਰਨੀਆਂ ਜਦ ਅਥਰੀਆਂ ਬਗਾਰਾਂ, ਕੈਨੇਡਾ ਆਣ ਭੱਠ ਝੋਕੀਏ।

ਇਕ ਤੇ ਪੜ੍ਹਾਈ ਦੀਆਂ ਥੋੜਾਂ ਸਾਨੂੰ ਖਾ ਲਿਆ।
ਜ਼ਿੰਦਾਂ ਦੀ ਵੀ ਮਿਲੀ ਜੌਬ ਉਥੇ ਚਿੱਤ ਲਾ ਲਿਆ।
ਚੰਗੇ ਕਈ ਬੰਦੇ ਚੰਗਾ ਲੱਭ ਲੈਣ ਟਿਕਾਣਾ, ਜਿਹੜੇ ਖਾ ਗਏ
ਮਾਸਟਰਾਂ ਦੀਆਂ ਮਾਰਾਂ, ਬਈ ਇਥੇ ਆਣ ਭੱਠ ਝੋਕੀਏ।

ਸਾਅ ਮਿਲ੍ਹਾਂ ਵਿਚ ਸਭੇ ਜੌਬਾਂ ਨੇ ਨਿਮਾਣੀਆਂ।
ਇਕ ਤੋਂ ਨੇ ਇਕ ਵਾਧੂ ਖਸਮਾਂ ਨੂੰ ਖਾਣੀਆਂ।
ਮਾਨ ਜੇਹੇ ਚੇਨਾਂ ਉਤੇ, ਟੰਗੇ ਜਿਹੜੇ ਫਾਹੇ ਉਥੇ
ਆਣ ਨਾ ਵੱਜਣ ਨੂੰ ਬਾਰਾਂ, ਬਈ ਇਥੇ ਆਣ ਭੱਠ ਝੋਕੀਏ।

ਫਾਰਮਾਂ 'ਚ ਜਾਵੇ ਕੋਈ, ਕੋਈ ਕਲੀਨ ਅਪ ਲਈ ਜਾਂਵਦਾ
ਪੇਪਰ ਜਿਹੜਾ ਸੁਟੇ ਤੁਰ ਤੁਰ ਵੀਕ ਚਾਲੇ ਪਾਂਵਦਾ।
ਕਿਸੇ ਕੈਬ ਨੂੰ ਚਲਾਇਆ ਮੀਟਰ ਰੱਜ ਕੇ ਘੁਮਾਇਆ।
ਕੀਤੀ ਪੇਮਿੰਟ ਪੂਰੀ ਉਹਦੀਆਂ ਉਡਾਰਾਂ ਬਈ ਇਥੇ ਆਣ ਭੱਠ ਝੋਕੀਏ।

ਦੋਂਹ ਦੋਂਹ ਵੀਕੀ ਚਿੱਕ ਆਵੇ ਨਾਲੇ ਚਿਠੀ ਆਈ ਹੁੰਦੀ
ਭੇਜ ਦੇ ਕਮਾਈ ਪੁਤਰ ਬਾਪੂ ਦੀ ਲਿਖਵਾਈ ਹੁੰਦੀ।
ਹੋਇਆ ਬੋਰ ਏ ਖਰਾਬ, ਚੁਕਾਣਾ ਟਰੈਕਟਰ ਦਾ ਹਿਸਾਬ,
ਰੁਪਿਆ ਭੇਜ ਦੇ ਹਜ਼ਾਰ ਸਤਾਰਾਂ ਬਈ ਅਸੀਂ ਇਥੇ ਭੱਠ ਝੋਕਦੇ।

ਬਾਪੂ ਸਾਡੇ ਹੋਰੀਂ ਲੈਣ ਬਹਾਰਾਂ ਅਸੀਂ ਇਥੇ ਭੱਠ ਝੋਕੀਏ
ਖਰਚੇ ਇਹ ਸਭ ਪੂਰੇ ਕਰਨ ਔਰਤਾਂ ਵੀ ਜਾਂਦੀਆਂ
ਨਿੱਕਾ ਮੋਟਾ ਕੰਮ ਲੱਭ ਹੱਥਾਂ ਨੂੰ ਵਟਾਂਦੀਆਂ
ਵੀਕ ਵੀਕ ਪਿਛੋਂ ਪਤੀ ਪਤਨੀ ਹੋਰੀਂ ਮਿਲਣ, ਫਸੇ ਸ਼ਿਫਟਾਂ
ਦੇ ਗੇੜ ਵਿਚ ਹਜ਼ਾਰਾਂ ਅਸੀਂ ਇਥੇ ਭੱਠ ਝੋਕੀਏ।

ਨਿਆਣਿਆਂ ਦੇ ਤਾਈਂ ਬੇਬੀ ਸਿਟਰ ਸੰਭਾਲਦੀ
ਬੱਚਿਆਂ ਦੀ ਰਹਿੰਦੀ ਖੂਹੰਦੀ ਸਗੋਂ ਗਿਲ ਗਾਲਦੀ
ਧਮਾਈ ਵਾਲੇ ਮਾਨ ਜੇਹੇ ਪਲ ਉਹਨੀਂ ਹੱਥੀਂ, ਬਣਾਉਣ ਦਿਨੇ ਹੀ ਖੰਭਾਂ ਦੀਆਂ
ਡਾਰਾਂ, ਅਸੀਂ ਇਥੇ ਭੱਠ ਝੋਕੀਏ।

---

ਅਗਲੇ ਅੰਕ ਵਿਚ ਰੀਵੀਊ
ਕਸੂਰ ਕਿਸਦਾ?
(ਸਾਧੂ ਦਾ ਨਵਾਂ ਕਹਾਣੀ ਸੰਗ੍ਰਹਿ)

# ਜਿੱਨਾਹ ਤਾਂ ਸਿੱਖਾਂ ਨੂੰ ਵੋਟ ਦਾ ਅਧਿਕਾਰ ਦੇਣ ਨੂੰ ਵੀ ਤਿਆਰ ਨਹੀਂ ਸੀ ।

□ ਜਮਨਾ ਦਾਸ ਅਖਤਰ

ਇਸ ਹਾਲਤ ਵਿੱਚ ਜਦੋਂ ਕਿ ਮਾਸਟਰ ਤਾਰਾ ਸਿੰਘ ਕਹਿ ਰਹੇ ਸਨ ਕਿ ਜਿੱਨਾਹ ਤੇ ਮੁਸਲਿਮ ਲੀਗ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ, ਗਿਆਨੀ ਕਰਤਾਰ ਸਿੰਘ ਜਿੱਨਾਹ ਨਾਲ ਖੁਫੀਆ ਸੌਦੇਬਾਜ਼ੀ ਲਈ ਦੌੜ ਭੱਜ ਕਰ ਰਹੇ ਸਨ। 5 ਜੂਨ 1947 ਨੂੰ ਵਾਇਸਰਾਏ ਨੇ ਆਪਣੀ ਡਾਇਰੀ ਵਿੱਚ ਲਿਖਿਆ ਕਿ ਗਿਆਨੀ ਕਰਤਾਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਹ ਸਿੱਖਾਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਨ ਲਈ ਜਿੱਨਾਹ ਨਾਲ ਗੱਲਬਾਤ ਕਰਨਗੇ। ਰਾਜਾ ਫਰੀਦਕੋਟ ਨੇ ਰਿਪੋਰਟ ਦਿੱਤੀ ਕਿ ਸਿੱਖਾਂ ਵਿੱਚ ਫੁੱਟ ਪਈ ਹੋਈ ਹੈ। ਮਾਸਟਰ ਤਾਰਾ ਸਿੰਘ ਤੇ ਬਲਦੇਵ ਸਿੰਘ ਇੱਕ ਪਾਸੇ ਹਨ ਤੇ ਗਿਆਨੀ ਕਰਤਾਰ ਸਿੰਘ ਦੂਜੇ ਪਾਸੇ। ਇਹ ਉਸ ਹਾਲਤ ਦੇ ਬਾਵਜੂਦ ਹੋ ਰਿਹਾ ਸੀ ਕਿ 2 ਜੂਨ ਸਰਦਾਰ ਬਲਦੇਵ ਸਿੰਘ ਨੇ ਵਾਇਸਰਾਏ ਨੂੰ ਦੱਸਿਆ ਕਿ ਜਿੱਨਾਹ ਪਾਕਿਸਤਾਨ ਵਿੱਚ ਇਸਲਾਮੀ ਕਾਨੂੰਨ ਲਾਗੂ ਕਰਨਾ ਚਾਹੁੰਦੇ ਹਨ ਅਤੇ ਅਜਿਹੇ ਢਾਂਚੇ ਵਿੱਚ ਸਿੱਖਾਂ ਦੀ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਮਿਲ ਸਕਦੀ।

27 ਜੂਨ ਨੂੰ ਪੈਂਡਰਲ ਮੂਨ ਨੇ ਵਾਇਸਰਾਏ ਦੇ ਚੀਫ ਆਫ ਸਟਾਫ ਲਾਰਡ ਇਸਮੇ ਨੂੰ ਲਿਖਿਆ ਕਿ ਗਿਆਨੀ ਕਰਤਾਰ ਸਿੰਘ ਤੇ ਉਨ੍ਹਾਂ ਦੇ ਸਾਥੀ ਦਿਲ ਤੋਂ ਚਾਹੁੰਦੇ ਹਨ ਕਿ ਸਿੱਖ ਪਾਕਿਸਤਾਨ ਵਿੱਚ ਸ਼ਾਮਲ ਹੋਣ। ਇਸ ਤਰ੍ਹਾਂ ਹੋ ਜਾਵੇ ਤਾਂ ਗ੍ਰਹਿ ਯੁੱਧ ਨਹੀਂ ਹੋਵੇਗਾ। ਇਸੇ ਚਿੱਠੀ ਵਿੱਚ ਲਿਖਿਆ ਹੈ ਕਿ "ਕੁੱਝ ਸਿੱਖ ਨੇਤਾ ਜਿਨ੍ਹਾਂ ਨੇ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨਾਲ ਤਾਲਮੇਲ ਰੱਖਿਆ ਹੈ, ਪਾਕਿਸਤਾਨ ਵਿੱਚ ਸਿੱਖਾਂ ਨੂੰ ਸ਼ਾਮਲ ਕਰਨ ਲਈ ਸ਼ਰਤਾਂ ਤਿਆਰ ਕਰ ਰਹੇ ਹਨ। ਇਸ ਤੋਂ ਬਾਅਦ ਜਿੱਨਾਹ ਨਾਲ ਗੱਲਬਾਤ ਕੀਤੀ ਜਾਵੇਗੀ। ਇਹ ਸਿੱਖ ਚਾਹੁੰਦੇ ਹਨ ਕਿ ਇਹ ਭੇਤ ਨਾ ਖੁਲ੍ਹੇ ਕਿ ਇਸ ਤਰ੍ਹਾਂ ਦੀ ਗੱਲਬਾਤ ਹੋ ਰਹੀ ਹੈ ਜਾਂ ਹੋਣ ਵਾਲੀ ਹੈ।"

## ਹਰਿਆਣਾ ਅਲੱਗ ਕਰ ਦਿਓ

ਇਹ ਗੁਪਤ ਦਸਤਾਵੇਜ਼ ਮਹੱਤਵ ਪੂਰਨ ਹੈ, ਕਿਉਂਕਿ ਮਿਸਟਰ ਮੂਨ ਨੇ ਲਿਖਿਆ ਹੈ ਕਿ "ਇਹ ਮਾਮਲਾ ਇਸ ਤਰ੍ਹਾਂ ਆਸਾਨੀ ਨਾਲ ਤੈਅ ਹੋ ਸਕਦਾ ਹੈ ਕਿ ਪੂਰਬੀ ਪੰਜਾਬ ਨੂੰ ਸਿੱਖ ਰੂਪ ਦੇ ਦਿੱਤਾ ਜਾਵੇ। ਇਹ ਇਸ ਤਰ੍ਹਾਂ ਹੋ ਸਕਦਾ ਹੈ ਕਿ ਗੁੜਗਾਓਂ, ਹਿਸਾਰ, ਰੋਹਤਕ ਤੇ ਕਰਨਾਲ ਦੇ ਹਿੰਦੂ ਬਹੁ ਗਿਣਤੀ ਇਲਾਕੇ ਅਲੱਗ ਕਰ ਦਿੱਤੇ ਜਾਣ। ਸਿੱਖਾਂ ਨੇ ਇਹ ਮੰਗ ਕਾਂਗਰਸ ਸਾਹਮਣੇ ਰੱਖੀ ਹੈ, ਪਰ ਕਾਂਗਰਸ ਇਸ ਨੂੰ ਮੰਨਣ ਤੋਂ ਹਿਚਕਿਚਾ ਰਹੀ ਹੈ। ਮੈਂ ਤੁਹਾਨੂੰ ਇਹ ਕਹਾਂਗਾ ਕਿ ਇਸ ਮੰਗ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਜੇ ਸਿੱਖਾਂ ਨੂੰ ਹਿੰਦੂਆਂ ਦੇ ਸ਼ਿਕੰਜੇ ਵਿੱਚੋਂ ਕੱਢ ਲਿਆ ਜਾਵੇ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰ ਦਿੱਤਾ ਜਾਵੇ ਤਾਂ ਉਹ ਆਖਿਰਕਾਰ ਬਾਕੀ ਦੇ ਪੰਜਾਬ ਅਤੇ ਪਾਕਿਸਤਾਨ ਵਿੱਚ ਸ਼ਾਮਲ ਹੋ ਜਾਣਗੇ।

ਇਸ ਖੁਫੀਆ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਬ੍ਰਿਟਿਸ਼ ਸਰਕਾਰ ਦੇ ਸੀਨੀਅਰ ਅਧਿਕਾਰੀ ਇਹ ਚਾਹੁੰਦੇ ਸਨ ਕਿ ਅਕਾਲੀ ਕਿਸੇ ਨਾ ਕਿਸੇ ਤਰ੍ਹਾਂ ਪਾਕਿਸਤਾਨ ਵਿੱਚ ਸ਼ਾਮਲ ਹੋ ਜਾਣ। ਗਿਆਨੀ ਕਰਤਾਰ ਸਿੰਘ ਵਰਗੇ ਅਕਾਲੀ ਨੇਤਾ ਇਸ ਜਾਲ ਵਿੱਚ ਫਸੇ ਹੋਏ ਸਨ। ਇੱਕ ਹੋਰ ਦਸਤਾਵੇਜ਼, ਜਿਸ ਦਾ ਜ਼ਿਕਰ ਫਿਰ ਆਵੇਗਾ, ਗਿਆਨੀ ਜੀ ਨੇ ਪੰਜਾਬ ਦੇ ਰਾਜਪਾਲ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਸੀ ਕਿ ਲੀਗ ਨਾਲ ਤਾਂ ਕੋਈ ਸੌਦੇਬਾਜ਼ੀ ਨਹੀਂ ਹੋ ਸਕੀ, ਇਸ ਲਈ ਪੂਰਬੀ ਪੰਜਾਬ ਭਾਰਤ ਵਿੱਚ ਸ਼ਾਮਲ ਹੋ ਰਿਹਾ ਹੈ, ਪਰ ਬਾਅਦ ਵਿੱਚ ਅਸੀਂ ਹਿੰਦੀ ਭਾਸ਼ੀ ਇਲਾਕਿਆਂ ਨੂੰ ਅਲੱਗ ਕਰਕੇ ਖਾਲਿਸਤਾਨ ਦੀ ਮੰਗ ਕਰਾਂਗੇ। ਗਿਆਨੀ ਜੀ ਨੇ ਇਸ ਗੱਲਬਾਤ ਵਿੱਚ ਇਹ ਵੀ ਕਿਹਾ ਸੀ ਕਿ ਹਾਲੇ ਸਾਨੂੰ ਹਿੰਦੂਆਂ ਦੀ ਮੱਦਦ ਦੀ ਲੋੜ ਹੈ, ਇਸ ਲਈ ਹਾਲੇ ਕੁੱਝ ਨਹੀਂ ਕਹਿੰਦੇ, ਪਰ ਵਕਤ ਆਉਣ ਤੇ ਇਹ ਮੰਗ ਕਰਾਂਗੇ।

30 ਜੁਲਾਈ 1947 ਨੂੰ ਗਿਆਨੀ ਕਰਤਾਰ ਸਿੰਘ ਪੰਜਾਬ ਦੇ ਰਾਜਪਾਲ ਸਰ ਜੇਨਕਿਨਜ਼ ਨੂੰ ਮਿਲੇ। ਉਸ ਵੇਲੇ ਪੰਜਾਬ ਦੀ ਵੰਡ ਦਾ ਫੈਸਲਾ ਹੋ ਚੁੱਕਾ ਸੀ। ਗਿਆਨੀ ਜੀ ਬਹੁਤ ਪਰੇਸ਼ਾਨ ਸਨ। ਰਾਜਪਾਲ ਨੇ ਵਾਇਸਰਾਏ ਦੇ ਨਾਂ ਇੱਕ ਗੁਪਤ ਚਿੱਠੀ ਵਿੱਚ ਲਿਖਿਆ ਕਿ ਗਿਆਨੀ ਤੇ ਮਾਸਟਰ ਤਾਰਾ ਸਿੰਘ ਨੇ ਸਾਰੇ ਹਾਲਾਤ ਖਰਾਬ ਕੀਤੇ ਹਨ। ਅਸਲੀ ਹੱਲ ਇਹੋ ਸੀ ਕਿ ਪੰਜਾਬੀ ਨਾ ਬੋਲਣ ਵਾਲੇ ਜ਼ਿਲੇ ਪੰਜਾਬ ਨਾਲੋਂ ਅਲੱਗ ਕਰ ਦਿੱਤੇ ਜਾਂਦੇ ਤੇ ਬਾਕੀ ਦਾ ਪੰਜਾਬ ਪਾਕਿਸਤਾਨ ਵਿੱਚ ਮਿਲਾ ਦਿੱਤਾ ਜਾਂਦਾ। ਮੈਂ ਸਮਝਦਾ ਹਾਂ ਕਿ ਹੁਣ ਸਿੱਖ ਇਸ ਯੋਜਨਾ ਨੂੰ ਚੰਗਾ ਸਮਝਦੇ ਹਨ। ਪਰ ਹੁਣ ਮਾਮਲਾ ਏਨਾ ਅੱਗੇ ਜਾ ਚੁੱਕਾ ਹੈ ਕਿ ਕੁੱਝ ਨਹੀਂ ਹੋ ਸਕਦਾ।

**.. ਪਰ ਅੰਗਰੇਜ਼ ਸਿੱਖਾਂ ਨੂੰ ਪਾਕਿਸਤਾਨ ਵਿੱਚ ਧਕੇਲਣਾ ਚਾਹੁੰਦੇ ਸਨ .. ਵਾਇਸਰਾਏ ਤੇ ਕਮਾਂਡਰ-ਇਨ-ਚੀਫ ਨੇ ਸਿੱਖਾਂ ਨੂੰ ਟੈਂਕਾਂ, ਤੇ ਬੰਬਾਰ ਹਵਾਈ ਜਹਾਜ਼ਾਂ ਨਾਲ ਕੁਚਲ ਦੇਣ ਦੀਆਂ ਧਮਕੀਆਂ ਦਿੱਤੀਆਂ .. ਦੇਸ਼ ਦੀ ਵੰਡ ਵੇਲੇ ਦੇ ਦਾਅਵਿਆਂ ਦੇ ਢੋਲ ਦਾ ਪੋਲ ਬ੍ਰਿਟਿਸ਼ ਦਸਤਾਵੇਜ਼ਾਂ ਦੀ ਜ਼ਬਾਨੀ .. ਮਾਸਟਰ ਤਾਰਾ ਸਿੰਘ ਮੁਸਲਿਮ ਲੀਗੀਆਂ ਤੋਂ ਜਾਨ ਦਾ ਖਤਰਾ ਮਹਿਸੂਸ ਕਰਦੇ ਸਨ .. ਲੀਗੀ ਤੇ ਅੰਗਰੇਜ਼ ਇਹ ਮੰਗ ਮੰਨਣ ਲਈ ਵੀ ਤਿਆਰ ਨਾ ਹੋਏ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਸੰਬੰਧੀ ਫੈਸਲਾ ਉਨ੍ਹਾਂ ਦੀ ਸਲਾਹ ਨਾਲ ਹੋਵੇਗਾ।**

## ਤਾਰਾ ਸਿੰਘ ਦੇ ਕਤਲ ਦੀ ਸਾਜ਼ਿਸ਼

ਵਾਇਸਰਾਏ ਪੰਜਾਬ ਦੇ ਰਾਜਪਾਲ ਤੇ ਹੋਰ ਬ੍ਰਿਟਿਸ਼ ਅਧਿਕਾਰੀਆਂ ਦੀਆਂ ਗੁਪਤ ਚਿੱਠੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਬ੍ਰਿਟਿਸ਼ ਸਰਕਾਰ ਅਕਾਲੀਆਂ ਦੀ ਕੋਈ ਵੀ ਮੰਗ ਮੰਨਣ ਲਈ ਤਿਆਰ ਨਹੀਂ ਸੀ। ਜਿੱਨਾਹ ਨੇ ਲਿਖਿਆ ਕਿ ਸਿੱਖਾਂ ਨੂੰ ਪਾਕਿਸਤਾਨ ਵਿੱਚ ਵੋਟ ਦਾ ਹੱਕ ਨਹੀਂ ਦਿੱਤਾ ਜਾ ਸਕਦਾ। ਪੰਡਿਤ ਨਹਿਰੂ ਨੇ ਅਕਾਲੀਆਂ ਦੀ ਇਸ ਮੰਗ ਦਾ ਸਮਰਥਨ ਕੀਤਾ ਸੀ ਕਿ 'ਬੀ ਗਰੁੱਪ' ਵਿੱਚ ਸਿੱਖਾਂ ਤੇ ਹਿੰਦੂਆਂ ਨੂੰ ਇਹ ਅਧਿਕਾਰ ਦਿੱਤਾ ਜਾਵੇ ਕਿ ਜੇ ਕੋਈ ਮਾਮਲਾ ਉਨ੍ਹਾਂ ਦੇ ਫਿਰਕਿਆਂ ਨਾਲ ਸਬੰਧ ਰੱਖਦਾ ਹੋਵੇ, ਤਾਂ ਉਨ੍ਹਾਂ ਦੇ ਮੈਂਬਰਾਂ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਫੈਸਲਾ ਨਾ ਕੀਤਾ ਜਾਵੇ, ਪਰ ਸਰਕਾਰ ਤੇ ਮੁਸਲਮ ਲੀਗ ਦੋਹਾਂ ਨੇ ਹੀ ਇਹ ਮੰਗ ਠੁਕਰਾ ਦਿੱਤੀ। ਮਾਸਟਰ ਤਾਰਾ ਸਿੰਘ ਨੇ 13 ਮਈ 1947 ਨੂੰ ਪੰਜਾਬ ਦੇ ਰਾਜਪਾਲ ਨੂੰ ਲਿਖਿਆ ਕਿ ਲੀਗ ਵਾਲੇ ਮੈਨੂੰ ਕਤਲ ਕਰਨਾ ਚਾਹੁੰਦੇ ਹਨ, ਇਸ ਲਈ ਮੈਂ ਆਪਣੀਆਂ ਸਰਗਰਮੀਆਂ ਨੂੰ ਗੁਪਤ ਰੱਖਦਾ ਹਾਂ। ਉਨ੍ਹਾਂ ਨੇ ਇਸੇ ਚਿੱਠੀ ਵਿੱਚ ਲਿਖਿਆ ਕਿ ਲੀਗ ਦੇ ਨੇਤਾ ਨਿਰਦੋਸ਼ ਲੋਕਾਂ ਦੇ ਕਾਤਲ ਹਨ। ਉਨ੍ਹਾਂ ਨਾਲ ਕਿਸੇ ਵੀ ਹਾਲਤ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ।

ਇਸ ਤਰ੍ਹਾਂ ਦੀ ਹਾਲਤ ਵਿੱਚ ਇਹ ਦਾਅਵਾ ਬਿਲਕੁੱਲ ਗਲਤ ਹੈ ਕਿ ਲੀਗ ਨੇ ਅਕਾਲੀਆਂ ਨੂੰ ਖਾਲਿਸਤਾਨ ਦੀ ਪੇਸ਼ਕਸ਼ ਕੀਤੀ ਸੀ।

## ਵਾਇਸਰਾਏ ਤੇ ਚੀਫ ਆਫ ਸਟਾਫ ਦੀਆਂ ਧਮਕੀਆਂ

ਕੇਬਨਿਟ ਮਿਸ਼ਨ, ਵਾਇਸਰਾਏ ਤੇ ਚੀਫ ਆਫ ਸਟਾਫ ਲਾਰਡ ਇਸਮੇ ਨੇ ਅਕਾਲੀਆਂ ਦੀਆਂ ਸਾਰੀਆਂ ਮੰਗਾਂ ਰੱਦ ਕਰ ਦਿੱਤੀਆਂ ਸਨ।

ਵਾਇਸਰਾਏ ਨੇ 31 ਮਾਰਚ 1947 ਨੂੰ ਇੱਕ ਗੁਪਤ ਨੋਟ ਵਿੱਚ ਲਿਖਿਆ ਕਿ ਮਹਾਰਾਜਾ ਪਟਿਆਲਾ ਸਿੱਖ ਨੇਤਾਵਾਂ ਨੂੰ ਲੈ ਕੇ ਮੇਰੇ ਕੋਲ ਆਏ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਸਿੱਖਾਂ ਨੇ ਕਿਸੇ ਤਰ੍ਹਾਂ ਦੀ ਗੜਬੜ ਕੀਤੀ ਤਾਂ ਕੇਂਦਰੀ ਸਰਕਾਰ ਆਪਣੀ ਫੌਜ, ਟੈਂਕਾਂ ਅਤੇ ਤੋਪਖਾਨੇ ਦੀ ਮੱਦਦ ਨਾਲ ਉਨ੍ਹਾਂ ਨੂੰ ਕੁਚਲ ਦੇਵੇਗੀ। 20 ਅਪਰੈਲ 1947 ਨੂੰ ਜਦੋਂ ਗਿਆਨੀ ਕਰਤਾਰ ਸਿੰਘ ਸਰਦਾਰ ਹਰਨਾਮ ਸਿੰਘ ਤੇ ਸਰਦਾਰ ਉਜਲ ਸਿੰਘ ਨੂੰ ਨਾਲ ਲੈ ਕੇ ਲਾਰਡ ਇਸਮੇ ਨੂੰ ਮਿਲੇ ਤੇ ਕਿਹਾ ਕਿ ਸਿੱਖ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ ਤੇ ਮੁਕਾਬਲਾ ਕਰਨਗੇ, ਤਾਂ ਲਾਰਡ ਇਸਮੇ ਨੇ ਇਸ ਦੇ ਜਵਾਬ ਵਿੱਚ ਧਮਕੀ ਦਿੱਤੀ ਕਿ ਵਾਇਸਰਾਏ ਸੈਨਾ ਦੀ ਪੂਰੀ ਵਰਤੋਂ ਕਰਕੇ ਕਿਸੇ ਵੀ ਗੜਬੜ ਨੂੰ ਕੁਚਲ ਦੇਣਗੇ। ਇਸੇ ਤਰ੍ਹਾਂ ਮਹਾਰਾਜਾ ਪਟਿਆਲਾ ਜਦੋਂ 11 ਜੁਲਾਈ 1947 ਨੂੰ ਵਾਇਸਰਾਏ ਨੂੰ ਮਿਲੇ ਤਾਂ ਵਾਇਸਰਾਏ ਨੇ ਧਮਕੀ ਦਿੱਤੀ ਕਿ ਜੇ ਬਾਊਂਡਰੀ ਕਮਿਸ਼ਨ ਦੇ ਫੈਸਲੇ ਵਿਰੁੱਧ ਕੋਈ ਗੜਬੜ ਕੀਤੀ ਗਈ ਤਾਂ ਸਰਕਾਰ ਫੌਜ ਤੇ ਬੰਬ-ਵਰਸ਼ਕ ਹਵਾਈ ਜਹਾਜ਼ਾਂ ਦੀ ਵਰਤੋਂ ਕਰਕੇ ਸਿੱਖਾਂ ਨੂੰ ਕੁਚਲ ਦੇਵੇਗੀ।

8 ਮਈ ਨੂੰ ਲਾਰਡ ਮਾਊਂਟਬੇਟਨ ਨੇ ਆਪਣੀ ਪ੍ਰਾਈਵੇਟ ਡਾਇਰੀ ਵਿੱਚ ਲਿਖਿਆ, "ਮਹਾਰਾਜਾ ਪਟਿਆਲਾ ਮੇਰੇ ਕੋਲ ਆਏ। ਉਨ੍ਹਾਂ ਨੇ 'ਹਿੰਦੁਸਤਾਨ ਟਾਈਮਜ਼' ਦੇ ਇੱਕ ਲੇਖ ਦਾ ਹਵਾਲਾ ਦਿੱਤਾ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਮੈਂ ਜਿਨ੍ਹਾਂ ਲਾਈਨਾਂ ਤੇ ਪੰਜਾਬ ਦੀ ਵੰਡ ਦਾ ਸੁਝਾਅ ਦੇ ਰਿਹਾ ਹਾਂ ਉਨ੍ਹਾਂ ਨਾਲ ਸਿੱਖਸਤਾਨ ਦਾ ਖਿਆਲ ਤਬਾਹ ਹੋ ਰਿਹਾ ਹੈ, ਕਿਉਂਕਿ ਮੇਰੀ ਯੋਜਨਾ ਦੇ ਸਿੱਟੇ ਵਜੋਂ ਪੰਜਾਬ ਦੇ ਸਿੱਖ ਦੋ ਹਿੱਸਿਆਂ ਵਿੱਚ ਵੰਡੇ ਜਾਣਗੇ। ਮੈਂ ਜਵਾਬ ਦਿੱਤਾ ਕਿ ਮੈਂ ਤਾਂ ਸਿਰਫ ਪੰਜਾਬ ਦੀ ਵੰਡ ਲਈ ਵੋਟਾਂ ਦਾ ਤਰੀਕਾ ਦੱਸ ਰਿਹਾ ਹਾਂ ਜੇ ਵੰਡ ਹੋਈ ਤਾਂ ਬਾਊਂਡਰੀ ਕਮਿਸ਼ਨ ਕਾਇਮ ਹੋਇਆ ਤਾਂ ਉਸ ਵਿੱਚ ਸਾਰੀਆਂ ਸੰਬੰਧਤ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਪੰਜਾਬ ਦੀ ਵੰਡ ਦਾ ਖਿਆਲ ਕਾਂਗਰਸ ਦੇ ਸੁਝਾਅ ਕਾਰਨ ਆਇਆ ਹੈ। ਮੈਂ ਮਹਾਰਾਜਾ ਨੂੰ ਦੱਸਿਆ ਕਿ ਪੰਜਾਬ ਦੇ 17 ਜ਼ਿਲਿਆਂ ਵਿੱਚੋਂ ਕਿਸੇ ਇੱਕ ਵਿੱਚ ਵੀ ਸਿੱਖ ਬਹੁਗਿਣਤੀ ਵਿੱਚ ਨਹੀਂ। ਪ੍ਰਸਤਾਵਿਤ ਪੱਛਮੀ ਪੰਜਾਬ ਦੇ ਇੱਕ ਵੀ ਜ਼ਿਲੇ ਵਿੱਚ ਹਿੰਦੂ-ਸਿੱਖ ਮਿਲ ਕੇ ਵੀ ਬਹੁ ਗਿਣਤੀ ਵਿੱਚ ਨਹੀਂ। ਮਹਾਰਾਜਾ ਤੇ ਉਨ੍ਹਾਂ ਦੇ ਬਾਅਦ ਦੂਜੇ ਦਿਨ ਸਰਦਾਰ ਬਲਦੇਵ ਸਿੰਘ ਨੇ ਕਿਹਾ ਕਿ ਵੰਡ ਕਰਦੇ ਸਮੇਂ ਜਾਇਦਾਦ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਦਾ ਵੀ ਧਿਆਨ ਰੱਖਿਆ ਜਾਵੇ। ਮੈਂ ਕਿਹਾ ਕਿ ਦੁਨੀਆਂ ਭਰ ਦੇ ਲੋਕ ਇਸ ਗੱਲ ਦਾ ਵਿਰੋਧ ਕਰਨਗੇ ਕਿ ਜਾਇਦਾਦ ਤੇ ਧਾਰਮਿਕ ਅਸਥਾਨਾਂ ਦੇ ਆਧਾਰ ਤੇ ਬਹੁਗਿਣਤੀ ਮੁਸਲਮਾਨਾਂ ਦੇ ਇਲਾਕੇ ਗੈਰ ਮੁਸਲਮਾਨਾਂ ਦੇ ਹਵਾਲੇ ਕਰ ਦਿੱਤੇ ਜਾਣ।"

ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਵਾਇਸਰਾਏ ਨੇ ਅਕਾਲੀਆਂ ਦੀ ਮੰਗ ਠੁਕਰਾ ਦਿੱਤੀ ਸੀ। ਵਾਇਸਰਾਏ ਨੇ ਇਸੇ ਨੋਟ ਵਿੱਚ ਲਿਖਿਆ ਸੀ ਕਿ "ਮਹਾਰਾਜਾ ਪਰੇਸ਼ਾਨ ਹੋ ਗਏ ਉਨ੍ਹਾਂ ਕਿਹਾ ਕਿ ਇਸ ਹਾਲਤ ਵਿੱਚ ਸਿੱਖ ਲੜਾਈ ਕਰਨਗੇ।" ਮੈਂ ਜਵਾਬ ਦਿੱਤਾ ਕਿ ਮਹਾਰਾਜਾ ਸਾਹਿਬ! ਇਸ ਹਾਲਤ ਵਿੱਚ ਉਨ੍ਹਾਂ ਨੂੰ ਭਾਰਤ ਸਰਕਾਰ ਨਾਲ ਲੜਨਾ ਪਵੇਗਾ। ਮੇਰੀ ਸਰਕਾਰ ਇਸ ਗੱਲ ਤੇ ਡੱਟ ਗਈ ਹੈ ਕਿ ਉਹ ਕਿਸੇ ਵੀ ਫਿਰਕੂ ਲੜਾਈ ਨੂੰ ਲੋਹੇ ਵਰਗੇ ਮਜ਼ਬੂਤ ਹੱਥਾਂ ਨਾਲ ਕੁਚਲ ਦੇਵੇਗੀ। ਅਸੀਂ ਸਿਰਫ ਟੈਂਕਾਂ ਤੇ ਬਖਤਰਬੰਦ ਗੱਡੀਆਂ ਨਾਲ ਹੀ ਨਹੀਂ, ਸਗੋਂ ਹਵਾਈ ਜਹਾਜ਼ਾਂ ਨਾਲ, ਬੰਬਾਂ ਅਤੇ ਮਸ਼ੀਨ ਗੰਨਾਂ ਨਾਲ ਮੁਕਾਬਲਾ ਕਰਾਂਗੇ। ਤੁਸੀਂ ਆਪਣੇ ਸਿੱਖਾਂ ਨੂੰ ਕਹਿ ਦੇਵੋ ਕਿ ਜੇ ਉਨ੍ਹਾਂ ਨੇ ਲੜਾਈ ਸ਼ੁਰੂ ਕੀਤੀ ਤਾਂ ਉਹ ਮੁਸਲਿਮ ਲੀਗ ਨਾਲ ਨਹੀਂ ਲੜਨਗੇ, ਸਗੋਂ ਉਨ੍ਹਾਂ ਨੂੰ ਸਾਰੀ ਫੌਜ ਨਾਲ ਲੜਨਾ ਪਵੇਗਾ। ਮਹਾਰਾਜਾ ਕੰਬ ਗਏ ਤੇ ਇਹ ਗੱਲ ਸਪੱਸ਼ਟ ਦਿਖਾਈ ਦਿੰਦੀ ਸੀ ਉਨ੍ਹਾਂ ਨੇ ਵਚਨ ਦਿੱਤਾ ਕਿ ਉਹ ਸਿੱਖ ਨੇਤਾਵਾਂ ਨੂੰ ਇਹ ਗੱਲ ਦੱਸ ਦੇਣਗੇ।"

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੇ ਬੈਂਟਲੇ ਵਿਚਕਾਰ ਮਤਭੇਦ

ਵੈਨਕੂਵਰ — 'ਸਨ' ਦੀ ਖਬਰ ਅਨੁਸਾਰ ਸਰੀ ਦੇ ਅਧਿਆਪਕ ਸਿੱਡ ਬੈਂਟਲੇ ਵਲੋਂ ਧਰਮਾਂ ਤੇ ਲਿਖੀ ਗਈ ਪੁਸਤਕ ਵਿਚੋਂ ਸਿੱਖ ਧਰਮ ਬਾਰੇ ਲਿਖਿਆ ਹਿਸਾ ਸਰਕਾਰ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਕਹਿਣ ਤੇ ਕੱਢ ਦਿਤਾ ਹੈ।

ਅਖਬਾਰ ਨੇ ਲਿਖਿਆ ਹੈ ਕਿ ਬੈਂਟਲੇ ਇਨ੍ਹਾਂ ਲਾਏ ਦੋਸ਼ਾਂ ਨੂੰ ਮੰਨਣ ਤੋਂ ਇਨਕਾਰੀ ਹੈ ਅਤੇ ਉਸਨੇ ਕਿਹਾ ਹੈ ਕਿ ਜੋ ਖਾਲਸਾ ਦੀਵਾਨ ਸੁਸਾਇਟੀ ਕਹਿੰਦੀ ਹੈ, ਜ਼ਰੂਰੀ ਨਹੀਂ ਸਾਰੇ ਸਿੱਖ ਉਸੇ ਗੱਲ ਨੂੰ ਮੰਨਦੇ ਹੋਣ। ਆਪਣੀਆਂ 'ਗਲਤੀਆਂ' ਬਾਰੇ ਉਸਨੇ ਕਿਹਾ ਕਿ ਸੁਸਾਇਟੀ ਕਹਿੰਦੀ ਹੈ ਕਿ ਗੁਰੂ ਨਾਨਕ ਹਿੰਦੂ ਨਹੀਂ ਸੀ। ਪਰ ਬੈਂਟਲੇ ਕਹਿੰਦਾ ਹੈ ਕਿ ਉਹ ਉਸੇ ਤਰ੍ਹਾਂ ਹਿੰਦੂ ਘਰਾਣੇ ਵਿਚ ਜੰਮੇ ਸਨ ਜਿਵੇਂ ਈਸਾ ਯਹੂਦੀ ਘਰਾਣੇ ਵਿਚ।

(ਪੰਨਾ 15 ਦੀ ਬਾਕੀ)

ਅਸੀਂ ਆਪਣੇ ਵਿਚਾਰ ਸ਼ਾਂਤਮਈ ਢੰਗ ਨਾਲ ਪੁਰ ਅਮਨ ਤਰੀਕੇ ਨਾਲ ਵੀ ਉਨ੍ਹਾਂ ਅੱਗੇ ਪ੍ਰਗਟ ਕਰ ਸਕਦੇ ਹਾਂ ਤਾਂ ਕਿ ਉਹ ਸਰਕਾਰ ਦੇ ਮੁੱਖ ਨੇਤਾਵਾਂ ਤੱਕ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਲੈ ਕੇ ਜਾ ਸਕਣ। ਇਸ ਤਰ੍ਹਾਂ ਅਸੀਂ ਇਥੋਂ ਦੀ ਹੋਰ ਕਮਿਊਨਿਟੀਆਂ ਅੱਗੇ ਵੀ ਸ਼ਰਮਿੰਦੇ ਨਹੀਂ ਹੋਵਾਂਗੇ।

ਹਰਭਜਨ ਸਿੰਘ ਦਿਓਲ
ਔਲੀਵਰ, ਬੀ. ਸੀ.




ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings



Ph. 321-7020

ਭਾਰਤ ਜਾਣ ਦੀ ਤਿਆਰੀ ਹੈ?
East West Travel Ltd.

ਹਵਾਈ ਟਿਕਟਾਂ
ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.
Mike Brar

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661
#206-3517, 17 Ave. S.E. Calgary, Alta
T2A 0R5

Harcharan S. Sanghera
B.A.,(Hons.)B.T.
We wish to let everybody know, that Harry, top salesman has rejoined our firm, and is eager to help in matters of real estate.
Call (403)274-9586
COMMISSIONER FOR OATHS
HEIN REAL ESTATE CORPORATION 272-3382





ਪੰਜਾਬ ਗਵਰਨਰ ਦੇ ਸਲਾਹਕਾਰ ਸ੍ਰੀ ਸੁਬਰਾਮਨੀਅਮ ਹਰਿਮੰਦਰ ਸਾਹਿਬ ਦਾ ਕੰਟਰੋਲ ਸਿੰਘ ਸਾਹਿਬਾਨ ਨੂੰ ਸੰਭਾਲ ਰਹੇ ਹਨ।



ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨੇ ਸ੍ਰੀ ਅਕਾਲ ਤਖਤ ਦੀ ਸੇਵਾ ਕਰਨ ਵਾਲਿਆਂ ਨੂੰ ਸਰੋਪੇ ਦਿਤੇ


# SUNSET PRINTING LTD.

4277 Fraser Street, Vancouver, B.C. V5V 4G1

(604)874-2023

- Bus. Cards
- Envelopes
- Letterheads
- Numbering
- Flyers
- NCR Forms
- Crash Imprints
- Work Orders
- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ
- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

JIM PATTISON
Pontiac Buick
GMC TRUCKS

# JIM PATTISON

PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233

GM

1985 ਦੀਆਂ ਨਵੀਆਂ
ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ

TIME FOR BUYING 1984
CARS & TRUCKS
ALSO TIME FOR BUYING
1985 NEW MODELS



Parlad Gill
Bus. 879 - 4233
Res. 435 - 1834





(ਪੰਨਾ 8 ਦੀ ਬਾਕੀ)

ਦਲ ਇਹ ਵੀ ਨਹੀਂ ਕਹਿੰਦਾ ਕਿ ਸਾਡੀ ਮਰਜ਼ੀ ਦਾ ਇੱਕ ਜੱਜ, ਜੱਜਾਂ ਦੇ ਨਾਲ ਬਿਠਾਇਆ ਜਾਵੇ, ਫੇਰ ਵੀ ਜੇ ਸਰਕਾਰ ਇਸ ਮਸਲੇ ਤੇ ਸਾਰਾ ਸਾਲ ਟਾਲ-ਮਟੋਲ ਕਰੀ ਜਾਂਦੀ ਹੈ ਤਾਂ ਸ਼ੱਕ ਪੈਣ ਲੱਗ ਜਾਂਦਾ ਹੈ ਕਿ ਜਿਹੜਾ ਫੈਸਲਾ ਅੱਗੇ ਪ੍ਰਧਾਨ ਮੰਤਰੀ ਨੂੰ ਪੈਂਚ ਬਣ ਕੇ ਦਿੱਤਾ ਸੀ, ਹੋ ਸਕਦਾ ਹੈ ਉਹ ਨਿਆਂ ਦੀ ਘਸਵੱਟੀ ਉਤੇ ਪੂਰਾ ਉਤਰਨ ਵਾਲਾ ਨਾ ਹੋਵੇ। ਜੇ ਅੱਗੇ-ਦਿੱਤੇ ਤੱਥਾਂ ਦਾ ਪਤਾ ਹੋਵੇ ਤਾਂ ਸਰਕਾਰ ਦੀ ਹਿਚਕਿਚਾਹਟ ਦੇ ਅਸਲ ਕਾਰਨਾਂ ਦਾ ਕੁੱਝ ਨਾ ਕੁੱਝ ਅਨੁਮਾਨ ਜ਼ਰੂਰ ਲੱਗ ਜਾਂਦਾ ਹੈ:

1. 1976 ਵਿੱਚ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਦਰਿਆਵਾਂ, ਰਾਵੀ ਤੇ ਬਿਆਸ ਦੇ ਪਾਣੀ ਦੀ ਜਿਹੜੀ ਵੰਡ ਕੀਤੀ ਸੀ, ਉਸ ਅਨੁਸਾਰ ਤਕਰੀਬਨ 23% ਪਾਣੀ ਪੰਜਾਬ ਨੂੰ ਤੇ 75% ਪਾਣੀ ਤੇ ਉਸ ਤੋਂ ਪੈਦਾ ਹੋਣ ਵਾਲੀ ਊਰਜਾ ਹਰਿਆਣਾ, ਰਾਜਿਸਥਾਨ ਤੇ ਦਿੱਲੀ ਨੂੰ ਬਖਸ਼ੀ ਸੀ। ਇਹ ਤਾਂ ਸਭ ਜਾਣਦੇ ਹੀ ਹਨ ਕਿ ਇਨ੍ਹਾਂ ਦਰਿਆਵਾਂ ਦਾ ਕੋਈ ਹਿਸਾ ਹਰਿਆਣਾ, ਰਾਜਿਸਥਾਨ ਜਾਂ ਦਿੱਲੀ ਵਿੱਚ ਨਹੀਂ ਪੈਂਦਾ। ਜਮਨਾ ਦਰਿਆ ਹਰਿਆਣੇ ਵਿੱਚ ਪੈਂਦਾ ਹੈ, ਪਰ ਉਸ ਦੇ ਪਾਣੀ ਨੂੰ ਹਰਿਆਣਾ-ਪੰਜਾਬ ਦੇ ਪਾਣੀ ਦੇ ਝਗੜੇ ਦੇ ਨੇੜੇ ਵੀ ਨਹੀਂ ਫਟਕਣ ਦਿੱਤਾ ਗਿਆ। ਇਸ ਲਈ ਜਦੋਂ ਪੰਜਾਬ ਵਿੱਚ ਅਕਾਲੀਆਂ ਦੀ ਸਰਕਾਰ ਬਣੀ, ਤੇ ਕਿਸੇ ਪਾਸਿਓਂ ਸੁਣਵਾਈ ਹੁੰਦੀ ਨਾ ਦਿੱਸੀ ਤਾਂ ਉਨ੍ਹਾਂ ਨੇ 1978 ਵਿੱਚ ਪ੍ਰਧਾਨ ਮੰਤਰੀ ਦੇ ਐਵਾਰਡ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕਰ ਦਿੱਤੀ। ਇਸ ਅਪੀਲ ਦੀ ਮਾਰ ਤੋਂ ਬਚਣ ਲਈ ਦਸੰਬਰ 1981 ਵਿੱਚ (ਓਦੋਂ ਪੰਜਾਬ ਵਿੱਚ ਕਾਂਗਰਸੀ ਸਰਕਾਰ ਬਣ ਚੁੱਕੀ ਸੀ) ਕੇਂਦਰੀ ਸਰਕਾਰ ਦੇ ਆਖੇ, ਪੰਜਾਬ, ਹਰਿਆਣਾ ਤੇ ਰਾਜਿਸਥਾਨ ਦੇ ਕਾਂਗਰਸੀ ਮੁੱਖ ਮੰਤਰੀਆਂ ਨੇ ਦਿੱਲੀ ਵਿੱਚ ਬੈਠ ਕੇ, ਇੱਕ ਇਕਰਾਰਨਾਮੇ ਉੱਤੇ ਦਸਖਤ ਕੀਤੇ, ਜੋ ਇੱਕ ਅੱਧੇ ਫਰਕ ਨਾਲ, ਸੀ ਪ੍ਰਧਾਨ ਮੰਤਰੀ ਵਾਲਾ ਐਵਾਰਡ ਹੀ। ਵੱਡਾ ਫਰਕ ਇਹ ਪਾਇਆ ਗਿਆ ਕਿ ਪੰਜਾਬ ਦਾ ਹਿਸਾ 23% ਦੀ ਥਾਂ 24% ਕਰ ਦਿੱਤਾ ਗਿਆ। ਇਸ ਇਕਰਾਰਨਾਮੇ ਦੇ ਝੱਟ ਪਿੱਛੋਂ ਪੰਜਾਬ ਦੀ ਕਾਂਗਰਸੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਾਖਲ ਹੋ ਚੁੱਕੀ ਅਪੀਲ ਵਾਪਸ ਲੈ ਲਈ।

2. ਭਾਰਤੀ ਵਿਧਾਨ ਤੇ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ, ਦਰਿਆ ਦਾ ਜਿੰਨਾ ਹਿਸਾ ਕਿਸੇ ਰਾਜ ਦੇ ਅੰਦਰਵਾਰ ਵਗਦਾ ਹੈ, ਕੇਵਲ ਉਨੇ ਹਿੱਸੇ ਦਾ ਪਾਣੀ ਤੇ ਉਸ ਤੋਂ ਪੈਦਾ ਹੋਣ ਵਾਲੀ ਊਰਜਾ ਦਾ ਹੱਕ ਉਸ ਰਾਜ ਦਾ ਹੁੰਦਾ ਹੈ। ਆਪਣੇ ਹਿੱਸੇ ਦੇ ਵਿਕਾਸ ਦਾ ਸਾਰੇ ਦਾ ਸਾਰਾ ਹੱਕ ਵੀ ਉਸੇ ਰਾਜ ਦਾ ਹੁੰਦਾ ਹੈ। ਇਸ ਪਾਣੀ ਬਾਰੇ ਜਾਂ ਉਸ ਤੋਂ ਪੈਦਾ ਹੋਣ ਵਾਲੀ ਊਰਜਾ ਦੀ ਵਰਤੋਂ ਜਾਂ ਵਿਕਾਸ, ਆਦਿ ਬਾਰੇ ਉਨ੍ਹਾਂ ਰਾਜਾਂ ਦੇ ਹੀ ਆਪਸੀ ਝਗੜੇ ਹੋ ਸਕਦੇ ਹਨ, ਜਿੰਨ੍ਹਾਂ ਵਿੱਚ ਦੀ ਉਹ ਸਾਂਝਾ ਦਰਿਆ ਵਗਦਾ ਹੈ, ਪਰ ਉਸ ਦੇ ਪਾਣੀ ਜਾਂ ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ ਬਾਰੇ ਕਿਸੇ ਦਰਿਆਈ ਰਾਜ ਦਾ ਕਿਸੇ ਗੈਰ-ਦਰਿਆਈ ਰਾਜ ਨਾਲ ਕੋਈ ਝਗੜਾ ਹੋ ਹੀ ਨਹੀਂ ਸਕਦਾ - ਨਹੀਂ ਤਾਂ 'ਤੂੰ ਕੌਣ? ਮੈਂ ਖਾਹ-ਮਖਾਹ' ਵਾਲੀ ਗੱਲ ਬਣ ਜਾਂਦੀ ਹੈ। ਪਰ ਕੇਂਦਰੀ ਸਰਕਾਰ ਦੀ ਸਿੱਧੀ ਛੱਤਰ-ਛਾਇਆ ਹੇਠ ਸ਼ਰੀਕਾ ਖੜਾ ਕੀਤਾ ਗਿਆ ਹੈ। ਪੰਜਾਬ ਨਾਲ ਜੋ ਦਰਿਆਈ ਰਾਜ ਹੈ, ਹਰਿਆਣੇ ਤੇ ਰਾਜਿਸਥਾਨ ਦਾ ਜੋ ਦਰਿਆਈ ਰਾਜ ਨਹੀਂ ਹਨ।

3. ਪੰਜਾਬ ਸਦਾ ਖੇਤੀ - ਯੋਗ ਭਾਗ 105 ਲੱਖ ਏਕੜ ਦੇ ਏੜ-ਗੇੜ ਵਿੱਚ ਹੈ ਤੇ ਫੀ ਏਕੜ 5 ਏਕੜ-ਫੁੱਟ ਪਾਣੀ ਦੇ ਹਿਸਾਬ ਨਾਲ ਪੰਜਾਬ ਨੂੰ 52.5 ਐਮ. ਏ. ਐਫ. ਪਾਣੀ ਦੀ ਲੋੜ ਹੈ, ਪਰ ਸਤਲੁਜ, ਬਿਆਸ ਤੇ ਰਾਵੀ ਦਾ ਸਾਰਾ ਪਾਣੀ ਮਿਲਾ ਕੇ ਸਿਰਫ 32 ਐਮ. ਏ. ਐਫ. ਬਣਦਾ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਪੰਜਾਬੀ ਕ੍ਰਿਸਾਣ ਬੰਬੀਆਂ ਲਾਉਂਦੇ ਹਨ। ਬਿਜਲੀ ਨਾਲ ਚੱਲਣ ਵਾਲੀ ਬੰਬੀ ਨਹਿਰੀ ਪਾਣੀ ਤੋਂ ਤਿੰਨ ਗੁਣਾ ਤੇ ਡੀਜ਼ਲ ਨਾਲ ਚੱਲਣ ਵਾਲੀ ਬੰਬੀ ਬਾਰਾਂ-ਗੁਣਾਂ ਮਹਿੰਗੀ ਪੈਂਦੀ ਹੈ, ਫੇਰ ਵੀ 1980-81 ਵਿੱਚ ਪੰਜਾਬ ਵਿੱਚ ਦੋ ਲੱਖ ਅੱਸੀ ਹਜ਼ਾਰ ਬਿਜਲੀ ਵਾਲੀਆਂ ਬੰਬੀਆਂ ਤੇ ਤਿੰਨ ਲੱਖ ਤੀਹ ਹਜ਼ਾਰ ਡੀਜ਼ਲ ਵਾਲੀਆਂ ਬੰਬੀਆਂ ਲੱਗੀਆਂ ਹੋਈਆਂ ਸਨ। ਜੇ ਇੱਕ ਬੰਬੀ ਉਤੇ ਕਿਰਸਾਣ ਦੇ 2000/ ਰੁਪੈ ਵੀ ਲੱਗਦੇ ਹੋਣ ਤਾਂ ਪੰਜਾਬੀ ਕ੍ਰਿਸਾਣ ਨੂੰ, ਜਿੰਨ੍ਹਾਂ ਵਿੱਚੋਂ ਬਹੁਤੇ ਸਿੱਖ ਹਨ, ਸਵਾ ਅਰਬ ਰੁਪੈ ਫਾਲਤੂ ਖਰਚਣੇ ਪਏ ਹਨ। ਇੰਨੇ ਖਰਚੇ ਦੇ ਬਾਵਜੂਦ ਪੰਜਾਬੀ ਕ੍ਰਿਸਾਣ ਦੀ ਪ੍ਰਾਪਤ ਪਾਣੀ ਨਾਲ ਪੂਰੀ ਨਹੀਂ ਪਟਦੀ। ਕਿਉਂਕਿ ਕਣਕ ਤੇ ਝੋਨੇ, ਆਦਿ ਦੇ ਨਵੇਂ ਬੀਜਾਂ ਨੂੰ, ਦੇਸੀ ਬੀਜਾਂ ਨਾਲੋਂ ਪਾਣੀ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ।

4. ਪੰਜਾਬ ਦੀਆਂ ਜ਼ਮੀਨਾਂ ਲਈ ਪਾਣੀ ਦੀ ਘਾਟ ਤੇ ਬੰਬੀਆਂ ਉੱਤੇ ਹੁੰਦੇ ਬੇਸ਼ੁਮਾਰ ਖਰਚੇ ਦੇ ਬਾਵਜੂਦ, ਪੰਜਾਬ ਤੋਂ ਉਸ ਦੇ ਪਾਣੀ ਦੀ ਦੌਲਤ ਖੋਹਣ ਦੇ ਜਿਹੜੇ ਗ਼ੈਰ-ਕਾਨੂੰਨੀ ਜਤਨ ਕੇਂਦਰੀ ਸਰਕਾਰ ਵੱਲੋਂ ਬਾਕਾਇਦਗੀ ਨਾਲ ਹੁੰਦੇ ਰਹੇ, ਉਨ੍ਹਾਂ ਦਾ ਇਤਿਹਾਸ ਪੜ੍ਹ ਕੇ ਸ਼ਰਮ ਆਉਣ ਲੱਗ ਪੈਂਦੀ ਹੈ, ਤੇ ਇੱਕ ਸ਼ੱਕ ਪੈ ਜਾਂਦਾ ਹੈ ਕਿ ਜਿਸ ਦ੍ਰਿੜਤਾ ਨਾਲ, ਦਿੱਲੀ ਵਾਲੇ ਹਰ ਗੁਪਤ ਜਾਂ ਪ੍ਰਗਟ ਫੈਸਲਾ ਪੰਜਾਬ ਦੇ ਵਿਰੁੱਧ ਲੈਂਦੇ ਰਹੇ ਹਨ, ਉਸ ਦੇ ਪਿੱਛੇ, ਪੰਜਾਬ ਨੂੰ ਕੇਂਦਰ ਦੀਆਂ ਆਰਥਿਕ ਵਸਾਖੀਆਂ ਤੋਂ ਬਿਨਾਂ ਇੱਕ ਕਦਮ ਨਾ ਤੁਰ ਸਕਣ ਵਾਲਾ ਅਪਾਹਜ ਬਣਾਉਣ ਦੀ ਕੋਈ ਬੜੀ ਡੂੰਘੀ ਤੇ ਉਚ-ਪੱਧਰੀ ਸਾਜ਼ਿਸ਼ ਕੰਮ ਕਰ ਰਹੀ ਹੈ। ਹਿਸਾਬ ਲਾਇਆ ਗਿਆ ਹੈ ਕਿ ਜੇ ਵੰਡ ਤੋਂ ਪਹਿਲਾਂ ਦੇ ਪੰਜਾਬ ਦੇ ਆਪਣੇ ਪਾਣੀ ਦੀ ਵਰਤੋਂ ਨੂੰ ਪਰੇ ਕਰ ਲਿਆ ਜਾਵੇ ਤਾਂ ਕੇਂਦਰ ਨੇ ਪੰਜਾਬ ਦੇ ਆਪਣੇ ਪਾਣੀ ਦਾ ਕੇਵਲ 16.7% ਹਿਸਾ ਦਿੱਤਾ ਹੈ ਤੇ ਰਾਜਿਸਥਾਨ, ਹਰਿਆਣਾ ਤੇ ਦਿੱਲੀ ਨੂੰ ਪੰਜਾਬ ਦੇ ਪਾਣੀ ਵਿੱਚੋਂ 83.3% ਦਾ ਗੱਫਾ ਬਖਸ਼ਿਆ ਗਿਆ ਹੈ ਤੇ ਇਹ ਕੁੱਝ ਕੀਤਾ ਗਿਆ ਹੈ, ਸਾਰੇ ਆਪਣੇ ਤੇ ਅੰਤਰ-ਰਾਸ਼ਟਰੀ ਕਾਨੂੰਨ ਤੋੜ ਕੇ।

5. ਇਹ ਵੀ ਹਿਸਾਬ ਲਾਇਆ ਗਿਆ ਹੈ ਕਿ ਜਿਹੜਾ ਪਾਣੀ ਪੰਜਾਬ ਤੋਂ ਖੋਹਿਆ ਗਿਆ ਹੈ ਉਸ ਨਾਲ ਹਰ ਸਾਲ 2500 ਕਰੋੜ ਰੁਪੈ ਪੰਜਾਬ ਦੀ ਜੇਬ ਵਿੱਚੋਂ ਨਿਕਲ ਕੇ ਹਰਿਆਣੇ, ਰਾਜਿਸਥਾਨ ਤੇ ਦਿੱਲੀ ਦੀ ਝੋਲੀ ਵਿੱਚ ਜਾ ਪੈਂਦੇ ਹਨ। ਇਸ 2500 ਕਰੋੜ ਰੁਪੈ ਸਾਲਾਨਾ ਦੇ ਪਾਣੀ ਦੀ ਅਣਹੋਂਦ ਕਰਕੇ ਪੰਜਾਬ ਵਿੱਚ ਬਿਜਲੀ ਤੇ ਉਦਯੋਗ ਦੀ ਘਾਟ ਹੈ, ਬੇਕਾਰੀ ਹੈ ਦਲਿੱਦਰ ਹੈ। ਜੇ ਹੁਣ ਵਾਂਗ ਪੰਜਾਬ ਦਾ ਪਾਣੀ ਗੈਰ-ਦਰਿਆਈ ਹਰਿਆਣੇ ਨੂੰ ਦਿੱਤਾ ਜਾਂਦਾ ਰਹੇ ਤਾਂ ਬੜੀ ਛੇਤੀ ਪੰਜਾਬ ਦੀ ਕੇਵਲ 20 ਫ਼ੀ ਸਦੀ ਜ਼ਮੀਨ ਨਹਿਰੀ ਪਾਣੀ ਨਾਲ ਸਿੰਜੀ ਹੋਈ ਹੋਵੇਗੀ ਤੇ ਹਰਿਆਣੇ ਦੀ 56 ਫ਼ੀ ਸਦੀ ਜ਼ਮੀਨ ਇਸੇ ਪਾਣੀ ਨਾਲ ਡੱਕੀ ਹੋਈ ਹੋਵੇਗੀ। ਇਸ ਦੇ ਨਾਲ ਕੇਂਦਰ ਵੱਲੋਂ ਥੀਨ ਡੈਮ ਨੂੰ ਵੇਲੇ ਸਿਰ ਆਗਿਆ ਨਾ ਦੇਣ ਦੀ ਕਹਾਣੀ ਜੋੜ ਲਈ ਜਾਵੇ ਤਾਂ ਪੰਜਾਬ ਨੂੰ 500 ਕਰੋੜ ਰੁਪੈ ਦੀ ਡਜ਼ ਹੋਰ ਲੱਗੀ ਸਮਝ ਲੈਣੀ ਚਾਹੀਦੀ ਹੈ, ਕਿਉਂਕਿ ਜਦੋਂ ਇਹ ਯੋਜਨਾ ਬਣੀ ਸੀ ਉਸ ਵੇਲੇ ਇਸ ਦੇ ਖਰਚ ਦਾ ਅਨੁਮਾਨ 70 ਕਰੋੜ ਸੀ ਜੋ ਹੁਣ ਵਧ ਕੇ 570 ਕਰੋੜ ਦੇ ਕਰੀਬ ਹੋ ਚੁੱਕਾ ਹੈ। ਜਾਣਕਾਰ ਹਲਕਿਆਂ ਅਨੁਸਾਰ ਪੰਜਾਬ ਨੂੰ ਇਸ ਯੋਜਨਾ ਦੀ ਆਗਿਆ ਇਸ ਕਰਕੇ ਨਹੀਂ ਮਿਲਦੀ ਰਹੀ ਕਿ ਇਸ ਦੇ ਪਾਣੀਆਂ ਤੋਂ ਜੋ ਫਾਇਦੇ ਸਰਕਾਰ ਗੈਰ-ਦਰਿਆਈ ਸੂਬਿਆਂ ਨੂੰ ਪਹੁੰਚਾਉਣਾ ਚਾਹੁੰਦੀ ਸੀ ਉਸ ਉੱਤੇ ਪੰਜਾਬ ਅੱਖਾਂ ਬੰਦ ਕਰਕੇ ਅੰਗੂਠਾ ਲਾਉਣ ਨੂੰ ਤਿਆਰ ਨਹੀਂ ਸੀ ਹੋ ਰਿਹਾ। ਕੀ ਦਲ ਵੱਲੋਂ ਪੰਜਾਬ ਦਾ ਪਾਣੀ ਪੰਜਾਬ ਨੂੰ ਦਿੱਤੇ ਜਾਣ ਦਾ ਮਾਮਲਾ ਸੁਪਰੀਮ ਕੋਰਟ ਦੇ ਸਪੁਰਦ ਕਰਨ ਦੀ ਮੰਗ ਕਿਸੇ ਵੀ ਪਾਸਿਓਂ ਫਿਰਕੂ ਜਾਂ ਵੱਖਵਾਦੀ ਜਾਂ ਦੇਸ-ਧਰੋਹੀ ਹੈ?

ਚਲਦਾ

ਵਿਅੰਗ

# ਦਸਵਾਂ ਗ੍ਰਹਿ

□ ਦਾਮੂ ਸੰਗਾਣੀ

"ਮੈਂ ਕਿਹਾ ਜੀ ਸੁਣਿਆ?"

ਮੈਂ ਆਰਾਮ ਨਾਲ ਅਖਬਾਰ ਪੜ੍ਹ ਰਿਹਾ ਸੀ ਕਿ ਪਤਨੀ ਨੇ ਮੈਨੂੰ ਆਵਾਜ਼ ਦਿੰਦਿਆਂ ਕਿਹਾ। ਅਖਬਾਰ ਪੜ੍ਹਨ ਵਿੱਚ ਬੜਾ ਮਜ਼ਾ ਆ ਰਿਹਾ ਸੀ। ਇਸ ਲਈ ਇਹ ਸੋਚ ਕੇ ਕਿ ਜੇ ਮੈਂ ਪਤਨੀ ਦੀ ਆਵਾਜ਼ ਦਾ ਹੁੰਗਾਰਾ ਦਿੱਤਾ ਤਾਂ ਅਖਬਾਰ ਦਾ ਸਾਰਾ ਮਜ਼ਾ ਕਿਰਕਿਰਾ ਹੋ ਜਾਵੇਗਾ। ਮੈਂ ਉਸ ਦੀ ਆਵਾਜ਼ ਅਣਸੁਣੀ ਕਰਕੇ ਅਖਬਾਰ ਪੜ੍ਹਨਾ ਜਾਰੀ ਰੱਖਿਆ। ਮੈਂ ਸੋਚਿਆ ਸ਼ਾਇਦ ਮੇਰੀ ਚੁੱਪ ਕਾਰਨ ਉਹ ਆਪ ਵੀ ਚੁੱਪ ਕਰ ਜਾਏਗੀ। ਪਰ ਜਿਸ ਤਰ੍ਹਾਂ ਮੌਸਮ ਦੀਆਂ ਚਿਤਾਵਨੀਆਂ ਅਤੇ ਜੋਤਸ਼ੀਆਂ ਦੀਆਂ ਭਵਿੱਖ ਬਾਣੀਆਂ ਬਹੁਤਾ ਕਰਕੇ ਗਲਤ ਨਿਕਲਦੀਆਂ ਹਨ ਮੇਰਾ ਵੀ ਅਨੁਮਾਨ ਗਲਤ ਨਿਕਲਿਆ।

"ਮੈਂ ਕਿਹਾ ਸੁਣਿਆ ਤੁਸੀਂ?" ਪਤਨੀ ਦੀ ਫਿਰ ਆਵਾਜ਼ ਆਈ। "ਹਾਂ ਹਾਂ ਸੁਣਿਆ, ਸਤ ਵਾਰ ਸੁਣਿਆ, ਕੀ ਕਹਿਣੈ?"

"ਸਤ ਵਾਰ ਤਾਂ ਮੈਂ ਬੁਲਾਇਆ ਹੀ ਨਈਂ।" "ਭਾਵੇਂ ਤੂੰ ਨਹੀਂ ਬੁਲਾਇਆ, ਪਰ ਮੈਂ ਤਾਂ ਸੁਣਿਐ, ਹੁਣ ਤੂੰ ਚੁੱਪ ਰਹੇਂਗੀ ਕਿ ਨਹੀਂ?" "ਹਾਏ ਰਾਮ ਤੁਸੀਂ ਮੈਨੂੰ ਚੁੱਪ ਕਰਨ ਲਈ ਕਹਿ ਰਹੇ ਹੋ।" "ਨਹੀਂ, ਮੈਂ ਤੈਨੂੰ ਨਹੀਂ ਆਪਣੇ ਆਪ ਨੂੰ ਚੁੱਪ ਕਰਨ ਲਈ ਕਹਿ ਰਿਹਾ ਹਾਂ।" "ਕਿਹਾ ਤੁਸੀਂ ਕੀ ਕਰ ਰਹੇ ਹੋ?"

"ਤੂੰ ਦੇਖਦੀ ਨਹੀਂ, ਅਖਬਾਰ ਪੜ੍ਹ ਰਿਹਾ ਵਾਂ।" "ਅਖਬਾਰ ਪੜ੍ਹ ਰਹੇ ਹੋ?"

"ਹੋਰ ਕੀ ਤੇਰੇ ਪਿਓ ਦੀ ਕੁੰਡਲੀ ਪੜ੍ਹ ਰਿਹਾ ਹਾਂ? ਅਖਬਾਰ ਦਾ ਸਾਰਾ ਮਜ਼ਾ ਕਿਰਕਿਰਾ ਕਰ ਦਿੱਤਾ?"

"ਕੀ ਕਿਹਾ?" ਕਹਿੰਦਿਆਂ ਉਸ ਨੇ ਆਪਣੇ ਹੱਥ ਮੇਰੇ ਕੰਨਾਂ ਤੇ ਇਸ ਤਰ੍ਹਾਂ ਰੱਖ ਦਿੱਤੇ ਜਿਵੇਂ ਉਹ ਮੇਰੇ ਕੰਨ ਖਿਚਣ ਲੱਗੀ ਹੋਵੇ। ਪਰ ਇਹ ਹਮਲਾ ਨਹੀਂ ਸੀ, ਇਸ ਲਈ ਤੁਰੰਤ ਹੀ ਉਸ ਦੀ ਮਿੱਠੀ-ਮਿੱਠੀ ਆਵਾਜ਼ ਅਤੇ ਹੰਸੀ ਸੁਣਾਈ ਦਿੱਤੀ ....ਗੱਲ ਗੱਲ ਤੇ ਤੁਸੀਂ ਮੇਰੇ ਪਿਓ ਤੱਕ ਪੁੱਜ ਜਾਂਦੇ ਹੋ? ਤੇਰੇ ਪਿਓ ਨੇ ਤੁਹਾਡਾ ਕੀ ਵਿਗਾੜਿਐ? ਮੈਂ ਤਾਂ ਤੁਹਾਨੂੰ ਚੇਤੇ ਕਰਾ ਰਹੀ ਸੀ ਕਿ ਅੱਜ ਛੁੱਟੀ ਦਾ ਦਿਨ ਹੈ। ਚਾਹ ਪੀਣ ਦਾ ਵੇਲਾ ਹੋ ਗਿਆ। ਬੱਸ ਹੁਣ ਤੁਹਾਡਾ ਗਵਾਂਢੀ ਮੁਰਲੀਧਰ ਟਪਕਣ ਹੀ ਵਾਲਾ ਹੈ।"

ਮੁਰਲੀਧਰ ਦਾ ਨਾਂ ਸੁਣਦਿਆਂ ਹੀ ਮੈਂ ਤ੍ਰਬਕ ਕੇ ਕੁਰਸੀ ਤੋਂ ਉਠ ਖਲੋਤਾ। ਮੁਰਲੀਧਰ ਮੇਰਾ ਗਵਾਂਢੀ ਹੈ ਪਰ ਮੈਂ ਉਸ ਨੂੰ ਨੌਂ ਗ੍ਰਹਿਆਂ ਤੋਂ ਵੀ ਅੱਗੇ ਦਸਵਾਂ ਗ੍ਰਹਿ ਸਮਝਦਾ ਹਾਂ। ਕਿਉਂਕਿ ਨੌਂਆਂ ਗ੍ਰਹਿਆਂ ਵਿੱਚੋਂ ਕੋਈ ਵੀ ਗ੍ਰਹਿ ਮੇਰੇ ਤੇ ਚੜ੍ਹਾਈ ਨਹੀਂ ਕਰ ਸਕਦਾ। ਪਰ ਇਹ ਦਸਵਾਂ ਗ੍ਰਹਿ ਜਦੋਂ ਚਾਹੇ ਉਦੋਂ ਅਤੇ ਛੁੱਟੀ ਦੇ ਦਿਨ ਖਾਸ ਕਰਕੇ ਮੇਰੇ ਤੇ ਚੜ੍ਹ ਬੈਠਦਾ ਹੈ। ਇਸ ਦੇ ਚੜ੍ਹਨ ਦਾ ਸਟਾਈਲ ਵੀ ਅਲੱਗ। ਕਦੇ ਤਾਂ ਉਹ ਸਾਡੇ ਬੈਡਰੂਮ ਵਿੱਚ ਅਚਾਨਕ ਘੁਸ ਆਉਂਦਾ ਹੈ ਅਤੇ ਕਹੇ ਕੀ ਹੋ ਰਿਹੈ? ਕਹਿ ਕੇ ਆਸਣ ਜਮ੍ਹਾ ਕੇ ਬੈਠ ਜਾਂਦਾ ਹੈ। ਇੱਕ ਵਾਰ ਅਸੀਂ ਰਸੋਈ ਵਿੱਚ ਸੀ। ਉਸ ਨੇ ਉਥੇ ਵੀ ਪਹੁੰਚਕੇ ਪੁੱਛਿਆ ਕੀ ਹੋ ਰਿਹਾ ਏ?

"ਬੈਠੇ ਹਾਂ! ਕੋਈ ਇਤਰਾਜ਼ ਹੈ?" "ਇਤਰਾਜ਼ ਕਾਹਦਾ! ਮੈਂ ਤਾਂ ਤੁਹਾਡੇ ਲਈ ਦੋ ਟਿਕਟਾਂ ਲਿਆਇਆ ਹਾਂ।" 'ਕਿਸਦੇ?' 'ਸਿਨਮੇ ਦੇ।' 'ਮੁਫਤ?' 'ਨਹੀਂ,' ਨਹੀਂ ਮੈਂ ਤੁਹਾਡੇ ਪੈਸੇ ਜੂ ਦੇਣੇ ਨੇ!' 'ਕੀ?' ਮੈਂ ਚੌਂਕ ਪਿਆ।

'ਕੀ ਕਿਹੈ?' ਮੇਰੀ ਪਤਨੀ ਵੀ ਚੌਂਕ ਕੇ ਬੋਲੀ।

'ਸਿਨਮਾ ਤਾਂ ਅਸੀਂ ਦੇਖਦੇ ਹੀ ਨਹੀਂ। ਕਿਉਂਕਿ ਸਿਨਮੇ ਦਾ ਖਰਚ ਸਾਡੇ ਵਸ ਦਾ ਨਹੀਂ, ਇਨ੍ਹਾਂ ਟਿਕਟਾਂ ਨਾਲ ਤੁਸੀਂ ਹੀ ਸਿਨਮਾ ਦੇਖ ਆਓ। ਮੈਂ ਕਿਹਾ, ਅਸੀਂ ਸਿਨਮਾ ਨਹੀਂ ਦੇਖਦੇ ਅਸੀਂ ਤਾਂ ਕਦੇ ਕਦਾਈਂ ਨਾਟਕ ਦੇਖਦੇ ਹਾਂ।

ਓਹ ਹੋ....ਮੈਂ ਵੀ ਕਿੰਨਾਂ ਭੁਲੱਕੜ ਹਾਂ ਨਾਟਕ ਦੀ ਥਾਂ ਸਿਨਮਾ ਕਹੀ ਜਾਨਾਂ ਵਾਂ। ਟਿਕਟਾਂ ਸਿਨਮੇ ਦੀ ਨਹੀਂ ਸਗੋਂ ਨਾਟਕ ਦੀਆਂ ਹੀ ਹਨ। ਬੜਾ ਹੀ ਚੰਗਾ ਨਾਟਕ ਹੈ, ਮੈਂ ਦੋ ਵਾਰ ਦੇਖ ਚੁੱਕਿਆ ਹਾਂ। ਤੁਸੀਂ ਇੱਕ ਵਾਰ ਦੇਖਿਆ ਤਾਂ ਚਾਰ ਵਾਰ ਵੇਖੋਗੇ। ਬਈ ਬੜਾ ਈ ਵਧੀਆ ਨਾਟਕ ਏ। ਨਾਟਕ ਵਿੱਚ ਮੇਰੀ ਵੱਡੀ ਲੜਕੀ ਵਿਸ਼ੇਸ਼ ਭੂਮਿਕਾ ਨਿਭਾ ਰਹੀ ਏ। ਦੇਖੋਗੇ ਤਾਂ ਅਸ਼ ਅਸ਼ ਕਰ ਉਠੋਗੇ। ਅਤੇ ਉਹ ਦੋ ਟਿਕਟਾਂ ਮੇਜ਼ ਤੇ ਰੱਖ ਕੇ ਚੱਲਦਾ ਬਣਿਆ।

ਉਸ ਦਿਨ ਤੋਂ ਹੀ ਉਹ ਦਸਵਾਂ ਗ੍ਰਹਿ ਦਾ ਸਾਡੇ ਘਰ ਵਾਰ-ਵਾਰ ਆਣਾ ਜਾਣਾ ਹੋ ਗਿਆ। ਅਸੀਂ ਆਪਣੇ ਘਰ ਉਸ ਦੀ ਲਗਾਤਾਰ ਐਂਟਰੀ ਬੰਦ ਕਰਨ ਦੇ ਕਈ ਉਪਾਅ ਕੀਤੇ ਪਰ ਸਭ ਬੇਕਾਰ। ਸਾਡੇ ਸਾਰੇ ਯਤਨ ਉਸ ਦੇ ਸਾਹਵੇਂ ਇੰਜ ਉਡ ਗਏ ਜਿਵੇਂ ਫਾਸਟ ਬਾਲਰ ਸਾਹਮਣੇ ਕਮਜ਼ੋਰ ਟੀਮ ਦੇ ਵਿਕਟ ਉਡ ਜਾਂਦੇ ਹੋਣ। ਇੱਕ ਵਾਰ ਅਸੀਂ ਮੁਫਤ ਖੋਰੀ ਤੇ ਉਸ ਦੇ ਸਾਹਮਣੇ ਲੰਬਾ ਚੌੜਾ ਭਾਸ਼ਣ ਵੀ ਝਾੜਿਆ ਪਰ ਉਸ ਤੇ ਕੋਈ ਅਸਰ ਨਾ ਹੋਇਆ। ਉਲਟਾ ਸਾਡਾ ਹੀ ਸਿਰ ਦਰਦ ਕਰਨ ਲੱਗਾ। ....ਅੱਜ ਛੁੱਟੀ ਸੀ, ਇਸ ਲਈ ਪਤਨੀ ਨੇ ਆਉਣ ਵਾਲੇ ਖਤਰੇ ਦੀ ਘੰਟੀ ਦੇ ਕੇ ਸਾਨੂੰ ਸੁਚੇਤ ਕਰ ਦਿੱਤਾ ਸੀ ਕਿ ਉਹ ਦਸਵਾਂ ਗ੍ਰਹਿ ਅੱਜ ਫਿਰ ਆਵੇਗਾ।

"ਆਉਣ ਦਿਓ।" "ਆਉਣ ਕਿਉਂ ਦੇਵਾਂ? ਉਹ ਹਮੇਸ਼ਾ ਚਾਹ ਦੇ ਵੇਲੇ ਹੀ ਆਉਂਦਾ ਏ। ਹੁਣ ਚਾਹ ਦਾ ਸਮਾਂ ਹੋ ਗਿਐ। ਬੱਸ ਉਹ ਆਉਂਦਾ ਹੀ ਹੋਵੇਗਾ।'

"ਤਾਂ ਫਿਰ ਆਪਾਂ ਇੰਝ ਕਰਦੇ ਹਾਂ, ਚਾਹ ਦਾ ਸਮਾਂ ਹੀ ਬਦਲ ਲੈਂਦੇ ਹਾਂ ਜਾਂ ਉਸ ਨੂੰ ਬੇਰੰਗ ਲਫਾਫੇ ਵਾਂਗ ਵਾਪਸ ਮੋੜ ਦੇਈਏ।" ਮੈਂ ਆਖਿਆ।

"ਨਹੀਂ ਉਹ ਪੱਕਾ ਢੀਠ ਏ, ਚਾਹ ਪੀ ਕੇ ਹੀ ਜਾਏਗਾ। ਬਿਨਾਂ ਪੀਤਿਆਂ ਉਹ ਜਾਣ ਵਾਲਾ ਨਹੀਂ।"

"ਚੰਗਾ ਤੂੰ ਜਾ ਕੇ ਰਸੋਈ ਵਿੱਚ ਜਾ ਕੇ ਸਟੋਵ ਬਾਲ ਮੈਂ ਅੰਦਰੋਂ ਦਰਵਾਜ਼ਾ ਬੰਦ ਕਰ ਲੈਨਾ ਵਾਂ।"

"ਤਾਂ ਫਿਰ ਉਹ ਖਿੜਕੀ ਰਾਹੀਂ ਅੰਦਰ ਜਾਵੇਗਾ?"

"ਕੀ ਉਸ ਨੂੰ ਕਿਸੇ ਦੇ ਘਰ ਇੰਝ ਆਉਂਦਿਆਂ ਸ਼ਰਮ ਨਹੀਂ ਆਏਗੀ? ...ਜਾਹ ਤੂੰ ਚਾਹ ਬਣਾ।" ਕਹਿ ਕੇ ਮੈਂ ਗੁੱਸੇ ਨਾਲ ਉਠ ਖੜਾ ਹੋਇਆ।

'ਚਾਹ ਬਣਾਉਣ ਤਾਂ ਮੈਂ ਜਾ ਰਹੀ ਹਾਂ, ਪਰ ਦੇਖ ਲੈਣਾ ਉਹ ਐਨ ਮੌਕੇ ਤੇ ਆ ਟਪਕੇਗਾ ਅਤੇ ਆਉਂਦਿਆਂ ਹੀ ਕਹੇਗਾ....ਕਹੋ ਕੀ ਹੋ ਰਿਹੈ?'

ਪਤਨੀ ਚਾਹ ਬਨਾਉਣ ਰਸੋਈ ਵਿੱਚ ਚਲੀ ਗਈ। ਮੈਂ ਕਮਰੇ ਵਿੱਚ ਇਕੱਲਾ ਖੜ੍ਹਾ ਰਹਿ ਗਿਆ। ਫਿਰ ਅਚਾਨਕ ਮੇਰੀ ਨਜ਼ਰ ਆਰਾਮ ਕੁਰਸੀ ਤੇ ਪਈ ਅਤੇ ਮੈਂ ਆਪਣੀ ਪਤਨੀ ਨੂੰ ਆਵਾਜ਼ ਦਿੱਤੀ।

'ਕੀ ਏ?' ਪਤਨੀ ਨੇ ਬਾਹਰ ਆ ਕੇ ਪੁੱਛਿਆ।

'ਉਹ ਦਸਵਾਂ ਗ੍ਰਹਿ ਇਸੇ ਆਰਾਮ ਕੁਰਸੀ ਤੇ ਬੈਠਦਾ ਏ ਨਾ?'

'ਹਾਂ' 'ਤਾਂ ਚੁੱਕੋ ਇਹ ਕੁਰਸੀ ਤੇ ਰੱਖ ਦਿਓ ਦੂਸਰੇ ਅੰਦਰ।'

'ਪਰ ਇਸ ਦਾ ਕੀ ਲਾਭ? ਉਹ ਤਾਂ ਜ਼ਮੀਨ ਤੇ ਵੀ ਆਸਣ ਜਮ੍ਹਾ ਬੈਠ ਜਾਵੇਗਾ।' 'ਇਉਂ ਨਾ ਕਰੀਏ, ਉਸ ਦੇ ਕੱਪ ਵਿੱਚ ਦੋ ਚਮਚ ਅਰੰਡੀ ਦੇ ਤੇਲ ਦੇ ਮਿਲਾ ਦੇਈਏ?' ਪਤਨੀ ਨੂੰ ਉਪਾਅ ਸੁਝਿਆ।

ਅਰੰਡੀ ਦੇ ਤੇਲ ਦਾ ਨਾਮ ਸੁਣਦਿਆਂ ਹੀ ਮੈਂ ਬੁਰੀ ਤਰ੍ਹਾਂ ਭੜਕਿਆ

(ਬਾਕੀ ਪੰਨਾ 17 ਤੇ)

Panjabi Guide No. 1
(ਪੰਜਾਬੀ ਗਾਈਡ ਨੰਬਰ 1)
ਛਪ ਕੇ ਤਿਆਰ ਹੋ ਗਈ
4 ਸਾਲ ਤੋਂ 8 ਸਾਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਓ
ਕੀਮਤ ਕੇਵਲ 5 ਡਾਲਰ
Panjabi Guide No. 2
ਇਹ ਵਰਕ-ਬੁੱਕ ਉਨ੍ਹਾਂ ਲਈ ਹੈ ਜੋ ਅੰਗਰੇਜ਼ੀ ਜਾਣਦੇ ਹਨ ਤੇ ਪੰਜਾਬੀ ਸਿਖਣਾ ਚਾਹੁੰਦੇ ਹਨ।
ਕੀਮਤ ਕੇਵਲ 10 ਡਾਲਰ
ਪੰਜਾਬੀ ਪ੍ਰੇਮੀਆਂ ਲਈ ਅਦੁੱਤੀ ਤੋਹਫਾ - ਅੱਜ ਹੀ ਹੇਠ ਲਿਖੇ ਪਤੇ ਤੇ ਦੋਵਾਂ ਗਾਈਡਾਂ ਲਈ ਲਿਖੋ :—
Kesar Singh
13487 - 98 A Ave.
Surrey, B.C. CANADA V3T 1C7
(604)581-3185

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS
WE DO NEW HOME PLUMBING ALSO
CONTACT:
PAUL'S
PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
SUBSCRIPTION FORM

To
The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a □ cheque □ M.O. □ Draft as my Subscription for the year(s)....... I may be sent the newspaper at the following address :
Name..............................
Address..............................
City..............................
Province..............................
Postal code..............................
PHONE.

One Year ..............................20 dollars
Two Year ..............................35 dollars
Three year ..............................50 dollars
Life membership..................200 dollars
ASIA..................................80 dollars(a year)
U.S.A. ..................................25 dollars(a year)
Europe ..................................80 dollars(a year)
Africa ..................................80 dollars(a year)

(ਪੰਨਾ 16 ਦੀ ਬਾਕੀ)

ਕਿਉਂਕਿ ਇੱਕ ਵਾਰ ਇਹ ਤਜਰਬਾ ਕਰਕੇ ਮੈਂ ਵੇਖ ਚੁੱਕਿਆ ਸੀ। ਗਲਤੀ ਨਾਲ ਕੱਪ ਬਦਲ ਜਾਣ ਨਾਲ ਅਰੰਡੀ ਦੇ ਤੇਲ ਵਾਲੀ ਚਾਹ ਮੈਂ ਆਪ ਹੀ ਪੀ ਗਿਆ ਸੀ ਫਿਰ ਮੇਰੀ ਜੋ ਹਾਲਤ ਹੋਈ ਸੀ ਉਹ ਮੈਂ ਹੀ ਜਾਣਦਾ ਹਾਂ। ਇਸ ਲਈ ਮੈਂ ਤੁਰੰਤ ਕਿਹਾ, 'ਨਹੀਂ, ਨਹੀਂ। ਰੱਬ ਦੇ ਵਾਸਤੇ ਇੰਝ ਨਾ ਕਰੀਂ।' ਕੁੱਝ ਦੇਰ ਸੋਚਣ ਪਿੱਛੋਂ ਮੈਂ ਕਿਹਾ 'ਇੰਜ ਕਰ ਆਰਾਮ ਕੁਰਸੀ 'ਚ ਦੋ ਸੂਈਆਂ ਗੱਡ ਦੇ।'

'ਆਹਾ.....ਹਾਂ ਸੂਈਆਂ ਕੀ ਤੁਸੀਂ ਭਾਵੇਂ ਬਰਛੇ ਗੱਡ ਦਿਓ ਉਹ ਭੱਜਣ ਵਾਲਾ ਨਹੀਂ। ਇਸ ਮੁਫਤ ਖੋਰੀ ਦੀ ਆਦਤ ਨੂੰ ਛੁਡਾਉਣ ਲਈ ਇਕ ਵਾਰ ਮੈਂ ਬਲੇਡ ਰੱਖ ਦਿੱਤਾ ਸੀ। ਪਰ ਹੋਇਆ ਇਹ ਕਿ ਬਲੇਡ ਨਾਲ ਕੁਰਸੀ ਦੀ ਗੱਦੀ ਕੱਟ ਗਈ ਸੀ। ਪਰ ਉਸ ਕੰਬਖਤ ਨੂੰ ਕੁੱਝ ਨਹੀਂ ਸੀ ਹੋਇਆ।'

'ਚੰਗਾ ਤਾਂ ਇੰਜ ਕਰਦੇ ਹਾਂ ਕਿ ਜਦੋਂ ਉਹ ਆਏ ਉਦੋਂ ਆਪਾਂ ਸੌਂ ਜਾਈਏ ਮੈਂ ਇਕ ਹੋਰ ਉਪਾਅ ਦਾਗਿਆ।

'ਤੁਸੀਂ ਵੀ ਅਜੀਬ ਗੱਲਾਂ ਕਰਦੇ ਹੋ। ਸਟੋਵ ਨੂੰ ਜਲਦਾ ਅਤੇ ਸਾਨੂੰ ਸੁੱਤਿਆਂ ਵੇਖ ਉਹ ਖਿੜਕੀ ਦੇ ਸਾਹਮਣੇ ਖੜ੍ਹਾ ਹੋ ਕਿ ਇਸ ਤਰ੍ਹਾਂ ਹੱਸੇਗਾ ਕਿ ਅਸੀਂ ਬਨਾਵਟੀ ਨੀਂਦ ਵਿੱਚ ਹੱਸਿਆਂ ਬਿਨਾਂ ਨਹੀਂ ਰਹਿ ਸਕਾਂਗੇ। ਪਤਨੀ ਦੀ ਇਸ ਦਲੀਲ ਨੇ ਮੈਨੂੰ ਨਿਰਉਤਰ ਕਰ ਦਿੱਤਾ। ਦੋ ਦਿਨ ਪਹਿਲਾਂ ਉਹ ਦਸਵਾਂ ਗ੍ਰਹਿ ਆਇਆ ਸੀ। ਤਾਂ ਪਤਨੀ ਨੇ ਉਸ ਨੂੰ ਸਬਕ ਸਿਖਾਉਣ ਲਈ ਇੱਕੋ ਕੱਪ ਚਾਹ ਦਾ ਬਣਾਇਆ ਅਤੇ ਕੱਪ ਇਹ ਕਹਿੰਦਿਆਂ ਮੈਨੂੰ ਫੜਾ ਗਈ ਕਿ ਚੀਨੀ ਇੱਕੋ ਕੱਪ ਬਣਾਉਣ ਜੋਗੀ ਹੀ ਬਚੀ ਸੀ। ਪਰ ਜਿਉਂ ਹੀ ਉਹ ਕੱਪ ਫੜਾ ਕੇ ਦੂਜੇ ਅੰਦਰ ਵੜੀ ਕਿ ਦਸਵੇਂ ਗ੍ਰਹਿ ਨੇ ਮੇਰੇ ਹੱਥੋਂ ਕੱਪ ਫੜ ਲਿਆ ਤੇ ਬੋਲਿਆ, 'ਚਲੋ ਕੋਈ ਗੱਲ ਨਹੀਂ ਯਾਰ ਫਿਫਟੀ ਫਿਫਟੀ ਕਰ ਲੈਨੇ ਆਂ ਅਤੇ ਉਹ ਅੱਧੀ ਚਾਹ ਪੀ ਗਿਆ।

ਸ਼ਾਇਦ ਉਹ ਅੱਜ ਨਹੀਂ ਆਵੇਗਾ। ਜਾਂ ਤੂੰ ਜਲਦੀ ਨਾਲ ਚਾਹ ਭੁਜੀਆ ਲੈ ਆ। ਜੇਕਰ ਉਹ ਵੀ ਆ ਗਿਆ ਤਾਂ ਮੈਂ ਬੇਸ਼ਰਮ ਬਣ ਕੇ ਇਕੱਲਿਆਂ ਖਾਂਦਾ ਰਹਾਂਗਾ। ਉਸ ਨੂੰ ਸੁਲਾਹ ਵੀ ਨਹੀਂ ਮਾਰਾਗਾਂ। ਸੁਲਾਹ ਕੀ, ਉਸ ਵੱਲ ਵੇਖਾਂਗਾ ਵੀ ਨਹੀਂ।

'ਛੱਡੋ ਰਹਿਣ ਦਿਓ ਉਹ ਤੁਹਾਡੇ ਨਾਲ ਬਹੁਤਾ ਚਤੁਰ ਹੈ। ਆਉਂਦਿਆਂ ਹੀ ਅਜਿਹੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰੇਗਾ ਕਿ ਤੁਸੀਂ ਸਭ ਕੁੱਝ ਭੁੱਲ ਜਾਓਗੇ ਅਤੇ ਆਪ ਹੀ ਆਰਡਰ ਦੇਣ ਲੱਗੋਗੇ। 'ਮੈਂ ਕਿਹਾ ਸੁਣਦੀ ਏਂ? ਮੁਰਲੀਧਰ ਲਈ ਚਾਹ ਲਿਆਓ .....ਨਾਲ ਭੁਜੀਆ ਵੀ ਲਈ ਆਉਣਾ।'

ਉਹ ਕੁੱਝ ਅੱਗੇ ਵੀ ਬੋਲਣ ਲੱਗੀ ਸੀ ਕਿ ਇੱਕਟਕ ਤਰਬੱਕ ਕੇ ਦੋ ਕਦਮ ਪਿੱਛੇ ਹੱਟ ਗਈ ਅਤੇ ਇਸ਼ਾਰਾ ਕਰਦੀ ਹੋਈ ਹੌਲੀ ਜਿਹੀ ਬੋਲੀ "ਦੇਖੋ ...ਦੇਖੋ ਉਹ ਆ ਰਿਹਾ ਏ.... ।'

ਉਹ ਆ ਰਿਹਾ ਏ? ਮੈਂ ਵੀ ਜ਼ੋਰ ਨਾਲ ਬੋਲ ਪਿਆ। ਉਹ ਆਪਣੇ ਬੁਲ੍ਹਾਂ ਤੇ ਜੀਭ ਫੇਰਦਾ ਆ ਰਿਹਾ ਸੀ। ਸ਼ਾਇਦ ਭੁਜੀਏ ਦੀ ਸੁਗੰਧ ਉਸ ਦੀਆਂ ਨਾਸਾਂ ਤੱਕ ਵੀ ਪੁੱਜ ਗਈ ਸੀ।

ਇਹ ਦੇਖਦਿਆਂ ਮੈਂ ਤੁਰੰਤ ਇਸ ਨਿਰਨੇ ਤੇ ਪੁੱਜਾ ਕਿ ਮੈਂ ਦਰਵਾਜ਼ੇ ਪਿੱਛੇ ਲੁਕ ਜਾਵਾਂ। ਮੈਂ ਆਪਣੀ ਪਤਨੀ ਨੂੰ ਕਿਹਾ। 'ਮੈਂ ਲੁਕ ਜਾਨਾਂ ਵਾਂ।' ਤੂੰ ਉਸ ਨੂੰ ਕਹਿ ਦੇਵੀਂ ਕਿ ਮੈਂ ਘਰ ਨਹੀਂ। ....ਅਤੇ ਮੈਨੂੰ ਆਪਣੇ ਹੀ ਘਰ ਲੁਕਣਾ ਪਿਆ।

ਉਸ ਨੇ ਆਉਂਦਿਆਂ ਬਿਨਾਂ ਨਮਸਤੇ ਬੁਲਾਏ ਕਿਹਾ, "ਭਾਬੀ ਜੀ ਅੱਜ ਮੈਨੂੰ ਬਚਾ ਲਓ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ।"

"ਕਿਉਂ ਕੀ ਗੱਲ ਹੋਈ? ਉਹ ਤਾਂ ਘਰ ਨਹੀਂ," ਮੇਰੀ ਪਤਨੀ ਬੋਲੀ।

'ਕੋਈ ਗੱਲ ਨਹੀਂ ਇਹ ਕੰਮ ਕੇਵਲ ਤੁਸੀਂ ਹੀ ਕਰ ਸਕਦੇ ਹੋ, ਉਹ ਨਹੀਂ।'

ਇਹ ਆਖਦਿਆਂ ਉਹ ਸਾਡੇ ਸੋਫੇ ਵਿੱਚ ਇਉਂ ਧਸ ਗਿਆ ਜਿਵੇਂ ਕੋਈ ਬਿੱਲੀ ਦਾ ਬਲੂੰਗੜਾ ਕੁੱਤੇ ਤੋਂ ਡਰਦਾ ਲੁੱਕਦਾ ਹੋਵੇ।

'ਪਰ ਗੱਲ ਵੀ ਦੱਸੋ, ਆਖਿਰ ਹੋਇਆ ਕੀ?' ਮੇਰੀ ਪਤਨੀ ਸਭ ਚਤੁਰਾਈਆਂ ਭੁਲ ਗਈ ਸੀ।

"ਹੋਣਾ ਕੀ ਸੀ ਅਜ ਸਵੇਰੇ ਮੇਰਾ ਆਪਣੀ ਪਤਨੀ ਨਾਲ ਝਗੜਾ ਹੋ ਗਿਆ ਅਤੇ ਮੈਂ ਗੁੱਸੇ ਵਿੱਚ ਉਸ ਦੇ ਸਿਰ ਤੇ ਫੁਲਦਾਨ ਚੁੱਕ ਮਾਰਿਆ, ਹੁਣ ਉਹ ਸੱਟ ਖਾਧੀ ਸ਼ੇਰਨੀ ਵਾਂਗ ਹੱਥ ਵਿੱਚ ਝਾੜੂ ਫੜੀ ਮੇਰੇ ਪਿੱਛੇ ਪਿੱਛੇ ਤੁਹਾਡੇ ਘਰ ਹੀ ਆ ਰਹੀ ਹੈ। ਬੱਸ ਮੈਨੂੰ ਇਸ ਵਾਰ ਉਸ ਤੋਂ ਬਚਾ ਲਓ ਮੈਂ ਤੁਹਾਡਾ ਇਹ ਅਹਿਸਾਨ ਕਦੀ ਨਹੀਂ ਭੁਲਾਂਗਾ।" ਇਹ ਆਖ ਉਹ ਏਧਰ ਓਧਰ ਲੁਕਣ ਦਾ ਯਤਨ ਕਰਨ ਲੱਗਾ।

ਪਰਦੇ ਪਿੱਛੇ ਲੁਕਿਆ ਮੈਂ ਸਭ ਗੱਲਾਂ ਸੁਣ ਰਿਹਾ ਸਾਂ, ਜਦੋਂ ਉਹ ਵੀ ਪਰਦੇ ਪਿੱਛੇ ਲੁਕਣ ਲਈ ਲਪਕਿਆ ਤਾਂ ਮੇਰੀ ਪਤਨੀ ਨੇ ਤੁਰੰਤ ਉਸ ਨੂੰ ਰੋਕਿਆ, 'ਓਧਰ ਨਹੀਂ ਇਧਰ ਆਓ' ਸੋਫੇ ਪਿੱਛੇ, ਨਹੀਂ....ਨਹੀਂ ...ਬਾਥਰੂਮ 'ਚ .... ਇੱਥੇ ਵੀ ਠੀਕ ਨਹੀਂ ਤੇ ਉਹ ਨੱਸ ਕੇ ਰਸੋਈ ਵਿੱਚ ਵੜ ਗਿਆ ਤੇ ਅੰਦਰੋਂ ਕੁੰਡਾ ਮਾਰ ਲਿਆ।

## Matrimonials

ਮੁਰਲੀਧਰ ਦੀ ਪਤਨੀ ਬਿਫਰੀ ਸ਼ੇਰਨੀ ਵਾਂਗ ਅੱਖਾਂ ਵਿੱਚ ਗੁੱਸੇ ਦੀ ਭੜਕਦੀ ਜਵਾਲਾ, ਹੱਥ ਵਿੱਚ ਝਾੜੂ ਫੜੀ ਸਾਡੇ ਘਰ ਦਾਖਿਲ ਹੋਈ, ਆਉਂਦਿਆਂ ਬੋਲੀ, "ਹੁਣ ਕਿੱਥੇ ਆ ਲੁਕਿਆ ਏਂ ਮਾਂ ਦੀ ਕੱਛ ਵਿੱਚ, ਬਾਹਰ ਨਿਕਲ ਜੇ ਪਿਓ ਦਾ ਪੁੱਤਰ ਏਂ।"

ਮੇਰੀ ਪਤਨੀ ਨੇ ਉਸ ਨੂੰ ਸਮਝਾਇਆ, "ਸ਼ਾਂਤੀ ਤੋਂ ਕੰਮ ਲਵੋ। ਆਪਣੇ ਪਤੀ ਨਾਲ ਇਸ ਤਰ੍ਹਾਂ ਨਹੀਂ ਝਗੜੀਦਾ।"

'ਹੋਰ ਕਿਵੇਂ ਝਗੜੀਦਾ ਹੈ?' 'ਧੀਰਜ ਕਰੋ ਤੇ ਆਰਾਮ ਨਾਲ ਬੈਠੋ।'

ਮੈਂ ਇੱਥੇ ਆਰਾਮ ਨਾਲ ਬੈਠਣ ਨਹੀਂ ਆਈ ਕਿੱਥੇ ਹੈ ਉਹ? "ਉਹ ਕੌਣ?"
'ਮੇਰਾ ਪਤੀ ਜਿਸ ਦੀ ਤੂੰ ਤਰਫਦਾਰੀ ਕਰ ਰਹੀ ਏਂ?' 'ਮੈਂ ਤਰਫਦਾਰੀ ਕਰਦੀ ਹਾਂ?' 'ਹੋਰ ਕੀ ਉਸ ਨੂੰ ਆਪਣੇ ਕਮਰੇ ਵਿੱਚ ਕਿਉਂ ਲੁਕਾ ਰੱਖਿਆ ਹੈ?'

'ਦੇਖੋ! ਮੈਂ ਉਸ ਨੂੰ ਕਿਧਰੇ ਨਹੀਂ ਲੁਕਾਇਆ।' "ਉਹ ਤੁਹਾਡੇ ਹੀ ਘਰ ਆਇਆ ਏ, ਮੈਨੂੰ ਸਭ ਪਤਾ ਹੈ। ਸਾਰਾ ਮੁਹੱਲਾ ਜਾਣਦਾ ਏ। ਤੇਰੇ ਉਸ ਨਾਲ ਕੀ ਸਬੰਧ ਹਨ।"

"ਕੀ ਕਿਹਾ ਮੂੰਹ ਸੰਭਾਲ ਕੇ ਗੱਲ ਕਰ" ਮੇਰੀ ਪਤਨੀ ਬੋਲੀ। ਇਸ ਤੋਂ ਪਹਿਲਾਂ ਕਿ ਉਹ ਕੁੱਝ ਹੋਰ ਬੋਲਦੀ ਉਹ ਪਰਦੇ ਵੱਲ ਲਪਕੀ ਤੇ ਪਰਦਾ ਹਟਾਂਉਂਦਿਆਂ ਬਿਨਾਂ ਦੇਖੇ ਮੇਰੇ ਚਾਰ ਪੰਜ ਝਾੜੂ ਟਿਕਾ ਦਿੱਤੇ। ਮੈਨੂੰ ਆਪਣੇ ਹੀ ਘਰ ਲੁਕਿਆ ਵੇਖ ਕੇ ਉਹ ਠੱਠਬੰਰ ਗਈ ਤੇ ਬੋਲੀ ਤੁਸੀਂ ਇੱਥੇ ਕੀ ਕਰ ਰਹੇ ਹੋ? ਓਹ ਕਿੱਥੇ ਹੈ?

"ਮੈਂ ਲੁਕਿਆ ਹਾਂ, "ਉਸ ਦਾ ਮੈਨੂੰ ਕੋਈ ਪਤਾ ਨਹੀਂ, ਪਰ ਮੇਰੀ ਬਾਂਹ ਤਾਂ ਛੱਡੋ।" ਉਹ ਮੇਰੀ ਬਾਂਹ ਝਟਕਦੀ ਬੋਲੀ, 'ਛੱਡ ਦਿੱਤੀ' ਹੁਣ ਦੱਸੋ ਮੇਰਾ ਪਤੀ ਕਿੱਥੇ ਹੈ?

ਮੈਂ ਕਿਹਾ ਨਾਂ ਉਹ ਇੱਥੇ ਨਹੀਂ ਆਇਆ ਮੇਹਰਬਾਨੀ ਕਰਕੇ ਜਾਓ। ਆਪਣੇ ਘਰ ਦੀ ਲੜਾਈ ਆਪਣੇ ਹੀ ਘਰ ਨਜਿੱਠੋ। ਇਹ ਸੁਣ ਕੇ ਉਹ ਬੁੜਬੁੜਾਂਦੀ ਚਲੀ ਗਈ 'ਕੋਈ ਗੱਲ ਨਹੀਂ ਸ਼ਾਮ ਨੂੰ ਤਾਂ ਘਰ ਆਉਣਾ ਹੀ ਹੈ?' ..

ਉਸ ਦੇ ਜਾਣ ਤੇ ਅਸਾਂ ਸੁੱਖ ਦਾ ਸਾਹ ਲਿਆ, ਮੇਰੀ ਪਿੱਠ ਉਸ ਦੇ ਝਾੜੂ ਦੀ ਮਾਰ ਨਾਲ ਦੁੱਖ ਰਹੀ ਸੀ - ਪਤਨੀ ਬੁਲੀ "ਬਹੁਤੀ ਸੱਟ ਤਾਂ ਨਹੀਂ ਲੱਗੀ।"

ਹੋਰ ਤੂੰ ਚਾਹੁੰਦੀ ਸੈਂ ਉਹ ਮੈਨੂੰ ਜਾਨੋਂ ਮਾਰ ਦਿੰਦੀ ...ਜਾ ਗਰਮ ਪਾਣੀ ਦੀ ਬੋਤਲ ਲਿਆ ਮੈਂ ਸੱਟਾਂ ਤੇ ਟਕੋਰ ਕਰਾਂ।

ਗਰਮ ਪਾਣੀ ਦੀ ਬੋਤਲ ਦਾ ਨਾਂ ਲੈਂਦਿਆਂ ਹੀ ਮੇਰੀ ਪਤਨੀ ਨੂੰ ਕੁੱਝ ਯਾਦ ਆਇਆ ਉਹ ਰਸੋਈ ਵੱਲ ਲਪਕੀ ਅੰਦਰੋਂ ਦਰਵਾਜਾ ਖੁਲ੍ਹਾ ਹੋਇਆ ਸੀ, ਅੰਦਰ ਗਈ ਤਾਂ ਰਸੋਈ ਦੀ ਖਿੜਕੀ ਵੀ ਖੁਲ੍ਹੀ ਹੋਈ ਸੀ ਤੇ ਮੁਰਲੀਧਰ ਗਾਇਬ ਸੀ

ਜਦੋਂ ਮੇਰੀ ਪਤਨੀ ਨੇ ਭੁਜੀਏ ਦੀ ਪਲੇਟ ਅਤੇ ਚਾਹ ਦੀ ਕੇਤਲੀ ਵੱਲ ਨਜ਼ਰ ਮਾਰੀ ਤਾਂ ਉਸ ਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਸਾਹ ਉਤੇ ਰਹਿ ਗਿਆ, ਦੋਵੇਂ ਚੀਜ਼ਾਂ ਸਫਾ ਚੱਟ !ਸਨ। ਮੇਰੀ ਪਤਨੀ ਖਾਲੀ ਕੇਤਲੀ ਅਤੇ ਖਾਲੀ ਪਲੇਟ ਮੇਰੀ ਮੇਜ਼ ਤੇ ਧਰਦੀ ਬੋਲੀ, 'ਲਓ ਖਾ ਲਓ ਗਰਮ ਗਰਮ ਭੁਜੀਆ ਤੇ ਪੀ ਲਓ ਗਰਮ ਗਰਮ ਚਾਹ ਤੇ ਉਹ ਮੱਥੇ ਤੇ ਹੱਥ ਧਰ ਕੇ ਬੈਠ ਗਈ ......□

## ਵਰ ਦੀ ਲੋੜ

ਇਕ 23 ਸਾਲਾਂ ਦੀ ਖੂਬਸੂਰਤ ਲੜਕੀ ਲਈ ਵਰ ਦੀ ਲੋੜ ਹੈ। ਲੜਕਾ ਕੈਨੇਡਾ ਜਾਂ ਅਮਰੀਕਾ ਦਾ ਸਿਟੀਜਨ ਹੋਵੇ। ਲੜਕੀ ਨੇ B.B.A. ਕੈਨੇਡਾ ਵਿਚੋਂ ਹੀ ਪਾਸ ਕੀਤੀ ਹੋਈ ਹੈ। ਲੜਕੀ ਜੱਟ ਸਿੱਖ ਪ੍ਰਵਾਰ ਨਾਲ ਸਬੰਧਤ ਹੈ। ਲੜਕੇ ਦਾ ਚੰਗੇ ਅਤੇ ਪੱਕੇ ਕੰਮ ਤੇ ਲੱਗੇ ਹੋਣਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਇਸ ਪਤੇ ਤੇ ਲਿਖੋ :

H.S. G. (1054)
C/O The CANADA DARPAN
P.O.BOX 67344 STN. 0
Vancouver, B.C.

## Matrimonial

A beautiful bride for a graduate Jat Sikh tall boy, Canadian citizen, belonging to a very respectable family. Correspond at the following address :

G.S.S. (1051)
C/o The Canada Darpan
P.O.BOX 67344 STN. O
Vancouver, B.C.

## ਕੰਨਿਆਂ ਦੀ ਲੋੜ

6 ਫੁੱਟ ਲੰਮੇ ਜੱਟ ਸਿਖ ਲੜਕੇ ਲਈ ਕੈਨੇਡਾ ਵਿਚ ਰਹਿੰਦੇ ਪ੍ਰਵਾਰ ਦੀ ਲੜਕੀ ਦੀ ਜ਼ਰੂਰਤ ਹੈ। ਲੜਕਾ ਇਮੀਗਰੈਂਟ ਹੈ ਅਤੇ ਕੰਮ ਤੇ ਲੱਗਿਆ ਹੋਇਆ ਹੈ। ਹੋਰ ਜਾਣਕਾਰੀ ਹੇਠ ਲਿਖੇ ਪਤੇ ਤੇ ਖਤ ਰਾਹੀਂ ਕਰ ਸਕਦੇ ਹੋ :

C.I.S. (1052)
C/o The Canada Darpan
P.O.BOX 67344 STN. O
Vancouver, B.C. V5W 3T1

## ਕੰਨਿਆਂ ਦੀ ਲੋੜ

ਵੈਨਕੂਵਰ ਵਿਚ ਰਹਿੰਦੇ ਪ੍ਰਵਾਰ ਦੇ ਤਲਾਕਸ਼ੁਦਾ ਲੜਕੇ ਲਈ ਇਕ ਲੜਕੀ ਦੀ ਜ਼ਰੂਰਤ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ। ਲੜਕੇ ਦਾ ਕੱਦ 5 ਫੁੱਟ 10 ਇੰਚ ਹੈ। ਕੈਨੇਡਾ ਵਿਚ ਰਹਿੰਦੀ ਲੜਕੀ ਲਈ ਤਰਜੀਹ ਦਿਤੀ ਜਾਵੇਗੀ। ਖਤ ਇਸ ਪਤੇ ਤੇ ਲਿਖੋ :

P.S.G. (1053)
C/o The Canada Darpan
P.O.BOX 67344 STN O
Vancouver, B.C.

## ਵਰ ਦੀ ਲੋੜ

ਇਕ 25 ਸਾਲਾ ਖੂਬਸੂਰਤ ਲੜਕੀ ਲਈ ਜੱਟ ਸਿਖ ਵਰ ਦੀ ਲੋੜ ਹੈ। ਲੜਕੀ ਕੈਨੇਡਾ ਦੀ ਬੀ. ਏ. ਪਾਸ ਹੈ ਅਤੇ ਸਰਕਾਰੀ ਦਫਤਰ ਵਿਚ ਕੰਮ ਤੇ ਲੱਗੀ ਹੋਈ ਹੈ। ਕੈਨੇਡੀਅਨ ਸਿਟੀਜਨ ਜਾਂ ਪੱਕੇ ਇਮੀਗਰੈਂਟ ਲੜਕੇ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਲਿਖੋ :

H.S.C. (1055)
C/O The Canada Darpan
P.O.Box 67344 STN. 0
Vancouver, B.C.

## ਵਰ ਦੀ ਲੋੜ

ਜੱਟ ਸਿਖ ਪ੍ਰਵਾਰ ਦੀ 21 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 7 ਇੰਚ ਹੈ ਅਤੇ ਕਾਲਜ ਲੈਵਲ ਦੀ ਪੜ੍ਹਾਈ ਹੈ। ਲੜਕੀ ਇਕ ਬਹੁਤ ਚੰਗੇ ਪ੍ਰਵਾਰ ਨਾਲ ਸਬੰਧ ਰੱਖਦੀ ਹੈ। ਲੜਕੇ ਦਾ ਪੱਕੇ ਕੰਮ ਤੇ ਲੱਗੇ ਹੋਣਾ ਲਾਜ਼ਮੀ ਹੈ ਖਤ ਇਸ ਪਤੇ ਤੇ ਲਿਖੋ :

B.C.J. (1056)
C/O The Canada Darpan
P.O.Box 67344 STN. O
Vancouver, B.C. V5W 3T1


Real Plumbing & Electrical Supply

7211 Main St.(at 56th Ave.)
VANCOUVER, B.C. V5X 3J3




- ਸੇਲਜ਼ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ



Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

Ph. 324 - 7066



NON-SMOKERS & SMOKERS



TOGETHER
WE ARE
STRONGER

NORTH AMERICAN LIFE

Permanent & Terms Plan

SUDESH KALIA



- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335



ਲੋਰੀ ਜਿਹੀ ਜੋੜੀ ਪ੍ਰਸੇਨ-ਜੀਤ (ਸਪੁੱਤਰ ਬਿਸਵਾਜੀਤ) ਤੇ ਅਨੂ



ਰਾਜਿੰਦਰ ਕੁਮਾਰ ਦੇ ਪੁੱਤਰ ਗੌਰਵ ਅਤੇ ਸੁਨੀਲ ਦੱਤ ਦੀ ਲੜਕੀ ਨਮਰਾਤਾ ਦੀ ਮੰਗਣੀ ਪਿਛਲੇ ਵੀਰਵਾਰ ਹੋਈ। ਵਿਆਹ 9 ਦਸੰਬਰ ਨੂੰ ਹੋ ਰਿਹਾ ਹੈ।




NORTH AMERICAN LIFE

ASSURING BRIGHT FINANCIAL FUTURES

**NORTH AMERICAN LIFE ASSURANCE COMPANY**

is pleased to announce the appointment of



Darshan Gill, M.A.

as a representative

320, 815 West Hastings St.
Vancouver, B.C. V6C 2W1
Bus. 685-9335
Res. 321-6360

# ਜਗਦੀਸ਼ ਸਿੰਘ
# ਨੋਟਰੀ ਪਬਲਿਕ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

# ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)

**PHONE–**
**–Off. 433-8366**
**Res. 324-4160**



# ਜਾਪਾਨੀ ਸਾੜ੍ਹੀਆਂ ਵਿਚ ਨਵੀਂ ਸ਼ਿਪਮਿੰਟ ਪਹੁੰਚ ਗਈ

**THIS YEAR'S FILMFARE'S BEST ACTRESS AWARD WINNER**

**PADMINI KOHLAPURI IN SPECIAL APPEARANCE FOR I.S.P.**

Now you too can have all the eight exclusive I.S.P. creations that Padmini selected!!!

**NOW THESE SAREES YOU CAN ALSO GET ON**

**SALE!**



# ਪ੍ਰਿੰਟ ਸਾਰੇ ਨਵੇਂ ਆ ਗਏ ਹਨ

# ਦੀਵਾਲੀ ਸੇਲ ਤੇ

# 10% - 40% OFF

ਸੂਟਾਂ ਤੇ ਸਾੜ੍ਹੀਆਂ ਦੀ ਵਧੀਆ ਚੋਣ ਲਈ ਜਲਦੀ ਤੋਂ ਜਲਦੀ ਪਹੁੰਚ ਕਰੋ!

5037 Victoria Drive (at 34 Ave.)
Ph. (604)324-2565

ISP
india SARI PALACE

# ਲੌਇਲ ਫਰਨੀਚਰ ਲਿ:

**2707 MAIN ST., VANCOUVER, B.C.**

THE HOUSE OF QUALITY FURNITURE

# 9th *Anniversary Sale*

*** SERVICE * QUALITY & * BEST PRICES**

**ਵਧੀਆ ਫਰਨੀਚਰ ਦੀ ਚੋਣ 'ਚੋਂ ਖ਼੍ਰੀਦੋ :**

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ਼੍ਰੀਦਣ ਦਾ ਸੁਨਹਿਰੀ ਮੌਕਾ





**ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।**

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

**ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇਕ ਹੀ ਨਾਮ ਯਾਦ ਰੱਖੋ**

*OPEN 7 DAYS A WEEK*

LF

# LOYAL FURNITURE LTD

**Ph.: 879-8319** 2707 Main Street,(at 11th Ave.) Vancouver, B.C. **Ph.: 879-4813**

Loyal - The Most Trusted Name in Furniture Business.